# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ

ਡਾ. ਜਾਗੀਰ ਸਿੰਘ

•

ਸਤੰਬਰ 1999

ਮੁੱਲ : 10 ਰੁਪਏ

ਅੰਕ 9 ◆ ਸਾਲ ਗਿਆਰਵਾਂ ◆ ਸਤੰਬਰ 1999

# ਅੰਮ੍ਰਿਤ ਕੀਰਤਨ

ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਆਨਰੇਰੀ ਸੰਪਾਦਕ
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.

ਕਾਰਜਕਾਰੀ ਸੰਪਾਦਕ
**ਡਾ. ਤ੍ਰਿਲੋਚਨ ਸਿੰਘ ਤਰਸੀ**

ਸਹਿਯੋਗੀ
**ਸ. ਹਰਭਜਨ ਸਿੰਘ ਚੋਪੜਾ**
**ਸ. ਜੋਤਿੰਦਰ ਸਿੰਘ ਸੋਹਲ**
**ਡਾ. ਕਰਨੈਲ ਸਿੰਘ ਸੋਮਲ**
**ਸ. ਉੱਤਮ ਸਿੰਘ**
**ਪ੍ਰੋ. ਸਤਵਿੰਦਰ ਸਿੰਘ**

ਚਿੱਤਰਕਾਰ
**ਗੁਰਦੀਪ ਸਿੰਘ ਦੀਪ**

ਲੇ ਆਊਟ
**ਸੋਹਲ ਸਪੇਸ਼ਲਸ**

**ਸਰਪ੍ਰਸਤ**
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ:)
1051, ਸੈਕਟਰ 27-ਬੀ, ਚੰਡੀਗੜ੍ਹ
ਫੋਨ : 650696

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ, ਚੰਡੀਗੜ੍ਹ - 160 015
ਫੋਨ: 0172 - 772660

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ ਸੀ ਐੱਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

2 ਮਿਤ੍ਰ ਅਸਾਡੜੇ ਸੇਈ

3 ਕਰਉ ਬੇਨੰਤੀਆ

5 ਗੁਰਮਤਿ ਸੰਗੀਤ ਦੇ ਪ੍ਰਮੁੱਖ ਕੀਰਤਨਕਾਰ ■ ਡਾ. ਯਸ਼ਪਾਲ ਸ਼ਰਮਾ

11 ਸੀਸ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ■ ਡਾ. ਮੇਵਾ ਸਿੰਘ ਸਿੱਧੂ

15 ਮਹਿਮਾ ਸਾਧੂ ਸੰਗ ਕੀ-ਸਾਧ ਸੰਗਿ ਮੇਰੀ ਜਲਨਿ ਬੁਝਾਈ ■ ਰਮੇਸ਼ ਸਿੰਘ

21 ਰੰਗਲੇ ਸਾਜਨ ■ ਸਰਦਾਰਾ ਸਿੰਘ

27 ਪੰਜਾਬ ਦੇ ਲੋਕ ਸਾਜ ■ ਪ੍ਰੋ. ਅਨਿਲ ਨਰੂਲਾ

29 ਗੁਰੂ ਸਾਹਿਬਾਂ ਦੇ ਸਮੇਂ ਦੇ ਪ੍ਰਸਿੱਧ ਗੁਰਸਿੱਖ ਭਾਈ ਜੋਧ ਦੇਵਤਾ ■ ਪ੍ਰੋ. ਕਰਤਾਰ ਸਿੰਘ

30 ਪੁਸਤਕ 'ਜ਼ਿੰਦਗੀ ਉਤਸਵ ਹੈ'- ਇੱਕ ਚਰਚਾ ■ ਡਾ. ਗੁਰਮੀਤ ਸਿੰਘ ਬੈਦਵਾਣ

34 ਨੋਟੇਸ਼ਨ ਵਾਲੇ ਸ਼ਬਦ ਦੇ ਅਰਥ ■ ਮਨਮੋਹਨ ਸਿੰਘ

35 ਸੁਰ ਲਿਪੀ ■ ਡਾ: ਰਣਜੀਤ ਸਿੰਘ ਕਲੌੜ

36 ਗੁਰਮੁਖ ਢੂਢ ਢੂਢੇਦਿਆਂ (Free Matrimonial Service)

## ਚੰਦੇ ਦਾ ਵੇਰਵਾ

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

# ਮਿਤ੍ਰ ਅਸਾਡੜੇ ਸੇਈ

★ 'ਅੰਮ੍ਰਿਤ ਕੀਰਤਨ' ਦੇ ਜੁਲਾਈ ਅੰਕ ਵਿੱਚ 'ਖਾਲਸਾਈ ਜੀਵਨ' ਸ੍ਰ. ਭਵਰੀਤ ਸਿੰਘ ਦਲਾਵਰੀ ਦਾ ਲੇਖ ਪੜ੍ਹਿਆ। ਇਸ ਕਸਵੱਟੀ ਤੇ ਵਿਰਲੇ ਹੀ ਪੂਰੇ ਉਤਰਦੇ ਹਨ। ਜੈਸਮੀਨ ਕੌਰ ਢਿਲੋਂ ਦਾ ਲੇਖ 'ਅਜੋਕੇ ਸਮੇਂ ਵਿੱਚ ਖਾਲਸਾ ਪੰਥ ਦੀ ਤੀਜੀ ਸ਼ਤਾਬਦੀ ਮਨਾਉਣ ਦੀ ਮਹੱਤਤਾ' ਬਹੁਤ ਵਧੀਆ ਹੈ। ਜਾਪਦਾ ਹੈ- ਇਸ ਨੂੰ ਲਿਖਣ ਵਿੱਚ ਜੈਸਮੀਨ ਕੌਰ ਦੀ ਕਿਸੇ ਵਡੇਰੇ ਨੇ ਮਦਦ ਕੀਤੀ ਹੈ।

ਅੱਜ ਕੱਲ ਇਥੇ ਗੁਰਦੁਆਰਿਆਂ ਦੀਆਂ ਇਮਾਰਤਾਂ ਬਣਾਉਣ ਦਾ ਮੁਕਾਬਲਾ ਚਲ ਰਿਹਾ ਹੈ। ਵੱਡੀਆਂ ਤੋਂ ਵਡੇਰੀਆਂ ਬਣ ਰਹੀਆਂ ਹਨ :-

*ਮਸਜਿਦ ਤੋ ਬਨਾ ਦੀ ਸ਼ਬ ਭਰ ਮੇਂ,*
*ਈਮਾਂ ਕੀ ਹਰਾਰਤ ਵਾਲੋਂ ਨੇ।*
*ਮਨ ਅਪਨਾ ਪੁਰਾਨਾ ਪਾਪੀ ਹੈ,*
*ਬਰਸੋਂ ਮੇਂ ਨਮਾਜ਼ੀ ਬਨ ਨਾ ਸਕਾ।*

ਹਰ ਐਤਵਾਰ ਨੂੰ ਖਾਲਿਸਤਾਨ ਬਣਦਾ ਹੈ। ਵੱਡੇ ਲੀਡਰਾਂ ਦੇ ਨਾਂ ਲੈ ਲੈ ਕੇ ਕੋਈ ਇੱਕ ਨੂੰ ਗਾਲ੍ਹਾਂ ਕੱਢਦਾ ਹੈ ਕੋਈ ਦੂਜੇ ਨੂੰ। ਗਾਲ੍ਹਾਂ ਵੀ ਉਹ ਜਿਹੜੀਆਂ ਤੁਹਾਨੂੰ ਡਿਕਸ਼ਨਰੀ ਵਿੱਚ ਵੀ ਨਾ ਲੱਭਣ। ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਦਾ ਵੀ ਲਿਹਾਜ਼ ਨਹੀਂ ਕਰਦੇ।

ਗੁਰੂ ਸਾਨੂੰ ਸਭ ਨੂੰ ਸੁਮੱਤ ਬਖਸ਼ੇ।

*- ਗੁਰਮੁਖ ਸਿੰਘ / ਕੁਵੈਂਟਰੀ, ਯੂ.ਕੇ.*

★ ਪੁਰਾਤਨ ਪੁਸਤਕ ਛਾਪਣ ਤੇ ਸੁਰਗਵਾਸੀ ਰਾਗੀ ਸਿੰਘ ਦੀ ਆਤਮਾ ਬਹੁਤ ਪ੍ਰਸੰਨ ਹੋਵੇਗੀ ਕਿ ਉਸ ਦੇ ਸਵਾਲਾਂ ਨੂੰ ਸੰਗੀਤ ਮੰਡਲ ਵਿੱਚ ਮੁੜ ਵਿਚਾਰਨ ਲਈ ਪੇਸ਼ ਕੀਤਾ ਗਿਆ ਹੈ। ਸ਼ਾਇਦ ਇਸ ਸਦੀ ਵਿੱਚ ਕੁਝ ਕੁ ਸਵਾਲਾਂ ਦੇ ਉੱਤਰ ਤਾਂ ਲੱਭ ਹੀ ਲਏ ਹੋਣਗੇ ਪਰ ਫਿਰ ਵੀ ਗੁੰਝਲਦਾਰ ਮਸਲੇ ਰਹਿ ਗਏ ਹਨ, ਉਹ ਵਰਤਮਾਨ ਸੰਗੀਤਵੇਤਾ ਗੰਭੀਰ ਵਿਚਾਰ ਉਪਰੰਤ ਸੁਲਝਾ ਹੀ ਲੈਣਗੇ। ਐਸਾ ਮੇਰਾ ਵਿਸ਼ਵਾਸ਼ ਹੈ। 'ਅੰਮ੍ਰਿਤ ਕੀਰਤਨ' ਦਾ ਯੋਗਦਾਨ ਸਚਮੁੱਚ ਯਾਦਗਾਰੀ ਬਣ ਕੇ ਰਹਿਨੁਮਾਈ ਕਰਦਾ ਰਹੇਗਾ।

*- ਪਿਆਰਾ ਸਿੰਘ ਪਦਮ / ਪਟਿਆਲਾ*

★ ਅਗਸਤ ਦਾ 'ਅੰਮ੍ਰਿਤ ਕੀਰਤਨ' ਪ੍ਰਾਪਤ ਹੋਇਆ ਸਾਰੇ ਹੀ ਲੇਖ ਕਾਬਲੇ ਤਾਰੀਫ ਹਨ। ਪਿਤਾ ਜੀ ਬਾਰੇ ਲੇਖ ਛਾਪਣ ਲਈ ਆਪ ਜੀ ਦਾ ਬਹੁਤ-ਬਹੁਤ ਧੰਨਵਾਦ।

ਆਪ ਜੀ ਦਾ ਲੇਖ 'ਪੰਜਾਬ ਕਲਾ ਅਤੇ ਸਭਿਆਚਾਰ' ਵਿੱਚ ਜੋ ਸੁਝਾਅ ਪੰਜਾਬੀ ਸਭਿਆਚਾਰ ਅਤੇ ਗੁਰਮਤਿ ਸੰਗੀਤ ਨੂੰ ਸਾਂਭਣ ਲਈ ਦਿੱਤੇ ਹਨ ਬਿਲਕੁਲ ਠੀਕ ਹਨ।

ਦਾਸ ਵੀ ਬੇਨਤੀ ਕਰਦਾ ਹੈ ਪੰਜਾਬੀ ਸਭਿਆਚਾਰ ਨੂੰ ਬਚਾਉਣ ਲਈ ਪੰਜਾਬ ਸਰਕਾਰ ਨੂੰ ਅਤੇ ਗੁਰਮਤਿ ਸੰਗੀਤ ਦੇ ਸ਼ੁੱਧ ਅਤੇ ਮੌਲਿਕ ਸਰੂਪ ਨੂੰ ਬਰਕਰਾਰ ਰੱਖਣ ਲਈ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਅਤੇ ਗੁਰਮਤਿ ਸੰਗੀਤ ਨਾਲ ਲਗਾਉ ਰੱਖਣ ਵਾਲਿਆਂ ਨੂੰ ਨਿੱਗਰ ਉਪਰਾਲੇ ਕਰਨੇ ਚਾਹੀਦੇ ਹਨ। ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਵਾਲੇ 'ਗੁਰਮਤਿ ਸੰਗੀਤ ਸਿੱਖਿਆ ਬੋਰਡ' ਦੀ ਗੱਲ ਕਰਦੇ ਹਨ। ਬਹੁਤ ਵਧੀਆ ਗੱਲ ਹੈ ਜ਼ਰੂਰ ਉਪਰਾਲਾ ਕਰਨਾ ਚਾਹੀਦਾ ਹੈ।

*- ਅਵਤਾਰ ਸਿੰਘ / ਸੰਗਰੂਰ*

★ 'ਅੰਮ੍ਰਿਤ ਕੀਰਤਨ' ਲਗਾਤਾਰ ਕੀਰਤਨ ਦੀ ਅੰਮ੍ਰਿਤਮਈ ਤਰੰਗ ਪਰਿਵਾਰ ਵਿੱਚ ਛੇੜ ਰਿਹਾ ਹੈ। ਆਪਣੇ ਆਪ ਵਿੱਚ ਇਹ ਮਾਸਿਕ ਪੱਤਰ 'ਕੀਰਤਨ ਦਾ ਰਸ ਰੱਖਣ ਤੇ ਰਸ ਚੱਖਣ ਵਾਲਿਆਂ ਲਈ ਅੰਮ੍ਰਿਤਮਈ ਕੁੰਡ ਹੈ।

'ਕੀਰਤਨ' ਬਾਰੇ ਅਨਮੋਲ ਜਾਣਕਾਰੀ ਦੇਣ ਤੋਂ ਇਲਾਵਾ ਇਸ ਵਿੱਚ ਤੁਸੀਂ ਕੀਰਤਨ ਕਲਾ ਨਾਲ ਜੁੜੀਆਂ ਮਹਾਨ ਰੂਹਾਂ, ਗੁਰਬਾਣੀ, ਸਿੱਖ ਸਿਧਾਂਤ ਅਤੇ ਸਮਾਚਾਰ ਪ੍ਰਕਾਸ਼ਿਤ ਕਰਕੇ ਵੱਡਮੁਲੀ ਜਾਣਕਾਰੀ ਸਿੱਖ ਜਗਤ ਨੂੰ ਦੇ ਰਹੇ ਹੋ।

'ਪੰਜਾਬ ਕਲਾ ਅਤੇ ਸਭਿਆਚਾਰ' ਬਾਰੇ ਤੁਹਾਡਾ ਅਗਸਤ ਦੇ ਪਰਚੇ ਵਿੱਚ ਪ੍ਰਕਾਸ਼ਿਤ ਲੇਖ ਪੰਜਾਬ ਸਰਕਾਰ ਅਤੇ ਪੰਜਾਬੀ ਪਿਆਰਿਆਂ ਅਤੇ ਕਲਾਕਾਰਾਂ ਲਈ ਹਲੂਣਾ ਹੈ, ਚੇਤਾਵਨੀ ਵੀ ਹੈ। ਪੰਜਾਬ ਦੀ ਕਲਾ ਅਤੇ ਸਭਿਆਚਾਰ ਨੂੰ ਇਲੈਕਟ੍ਰਾਨਿਕ ਮੀਡੀਆ ਬਹੁਤ ਵੱਡੀ ਢਾਅ ਲਗਾ ਰਿਹਾ ਹੈ। ਇਸ ਨੂੰ ਰੋਕਣ ਲਈ ਸਭ ਨੂੰ ਮਿਲਕੇ ਯੋਜਨਾਬਧ ਜਦੋ-ਜਹਿਦ ਕਰਨ ਦੀ ਫੌਰੀ ਲੋੜ ਹੈ। ਇਹ ਕੰਮ ਕਿਸੇ ਇੱਕ ਦਾ ਨਹੀਂ ਸਗੋਂ ਸਾਰੇ ਸਾਹਿਤਕ, ਸਭਿਆਚਾਰਿਕ ਅਤੇ ਧਾਰਮਿਕ ਸੰਗਠਨਾਂ ਦੇ ਮਿਲ ਕੇ ਕਰਨ ਦਾ ਕੰਮ ਹੈ।

ਤੁਹਾਡੇ ਇਸ ਉਦਮ ਦੀ ਭਰਪੂਰ ਸ਼ਲਾਘਾ ਕਰਦਾ ਹੋਇਆ ਆਸ ਅਤੇ ਅਰਦਾਸ ਕਰਦਾ ਹਾਂ ਕਿ ਤੁਹਾਨੂੰ ਇਸ ਸ਼ੁਭ ਕਾਰਜ ਵਿੱਚ ਪੂਰਨ ਸਫਲਤਾ ਮਿਲੇਗੀ।

*- ਹਰਦੇਵ ਸਿੰਘ ਗਰੇਵਾਲ,*
*ਸੰਪਾਦਕ 'ਨਵੀਂ ਪ੍ਰਭਾਤ'/ਕਲਕੱਤਾ*

# ਕਰਉ ਬੇਨੰਤੀਆ

## ਮੁਝ ਤੇ ਕਛੂ ਨ ਹੋਈ

ਮੇਰੇ ਮਿੱਤਰ ਡਾਕਟਰ ਗੁਰਮੀਤ ਸਿੰਘ ਬੇਦਵਾਨ ਦੇ ਪਿਤਾ ਜੀ ਦੀ ਪਹਿਲੀ ਬਰਸੀ ਸੀ।

ਡਾ. ਗੁਰਮੀਤ ਸਿੰਘ ਮੇਰੇ ਨਾਲ ਹੀ ਨੌਕਰੀ ਕਰਦਾ ਹੈ। ਉਸ ਨੇ ਨੌਕਰੀ ਕਰਦਿਆਂ ਕਰਦਿਆਂ ਦੋ ਤਿੰਨ ਐਮ. ਏ. ਕੀਤੀਆਂ, ਬੀ. ਐਡ. ਕੀਤੀ। ਪੜ੍ਹਨ ਦਾ ਉਸਨੂੰ ਸ਼ੌਕ ਹੈ। ਭਾਵੇਂ ਪੜ੍ਹਾਈ ਨੇ ਉਹਦੀ ਨੌਕਰੀ ਵਿੱਚ ਤਰੱਕੀ ਲੈਣ ਲਈ ਕੋਈ ਸਹਾਇਤਾ ਨਹੀਂ ਕੀਤੀ। ਪਰ ਉਸ ਦਾ ਪੜ੍ਹਿਆਂ ਲਿਖਿਆਂ ਵਿੱਚ ਸਤਿਕਾਰ ਵਧ ਗਿਆ ਹੈ। ਗੁਰਮੀਤ ਸਿੰਘ ਦਾ ਵੱਡਾ ਭਰਾ ਗੁਰਮੁਖ ਸਿੰਘ ਆਪਣੇ ਨਾਮ ਵਾਂਗ ਹੀ ਗੁਰਮੁਖ ਹੈ। ਨੌਕਰੀ ਟੈਲੀਫੋਨ ਦੇ ਮਹਿਕਮੇ ਵਿੱਚ ਕਰਦਾ ਹੈ। ਪਰ ਆਪਣੀ ਤਾਰ ਹਮੇਸ਼ਾਂ ਗੁਰੂ ਘਰ ਨਾਲ ਜੋੜੀ ਰੱਖਦਾ ਹੈ। ਦਿਨੇ ਰਾਤ ਪਾਠ ਤੇ ਕੀਰਤਨ ਕਰਦਾ ਹੈ। ਪਿੰਡ ਦੇ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦਾ ਉਹਨੂੰ ਸ਼ੌਕ ਹੈ। ਬਾਕੀ ਭਰਾ ਵੀ ਖੇਤੀ ਕਰਦੇ ਗੁਰੂ ਗੁਰੂ ਜਪਦੇ ਰਹਿੰਦੇ ਹਨ।

ਇਸ ਪਰਿਵਾਰ ਦੇ ਬਜ਼ੁਰਗ ਪਿਤਾ ਪਿਛਲੇ ਸਾਲ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੀ ਅਵਸਥਾ ਵੀ ਉੱਚੀ ਸੀ। ਇਸ ਪਹਿਲੀ ਬਰਸੀ ਦੇ ਮੌਕੇ ਤੇ ਮੈਂ ਕੀਰਤਨ ਕੀਤਾ। ਡਾ. ਗੁਰਮੀਤ ਸਿੰਘ ਮੈਨੂੰ ਕਈ ਵਾਰ ਕਹਿੰਦਾ ਹੈ ਤੁਸੀਂ ਜ਼ਰਾ ਗੁਰਬਾਣੀ ਦੇ ਅਰਥ ਸਮਝਾ ਦਿਆ ਕਰੋ ਤਾਂ ਸ਼ਾਇਦ ਸਧਾਰਨ ਸਰੋਤਿਆਂ ਦੇ ਕੁਝ ਪੱਲੇ ਪੈ ਜਾਏ ਨਹੀਂ ਤਾਂ ਜਾਪਦਾ ਹੈ ਕਿ ਉਹ ਐਵੇਂ ਹੀ ਸਿਰ ਹਿਲਾ ਦਿੰਦੇ ਹਨ। ਇਹ ਗੱਲ ਮੈਨੂੰ ਹੋਰਾਂ ਨੇ ਵੀ ਆਖੀ ਹੈ। ਮੈਂ ਉਹਨਾਂ ਨੂੰ ਕਹਿ ਦਿੰਦਾ ਹਾਂ ਕਿ ਕੋਸ਼ਿਸ਼ ਕਰਾਂਗਾ। ਪਰ ਕੀਰਤਨ ਕਰਦਿਆਂ ਵਿਆਖਿਆ ਕਰਨ ਤੋਂ ਮੈਂ ਝਿਜਕ ਜਾਂਦਾ ਹੈ। ਉਹਨਾਂ ਨੂੰ ਅਸਲੀ ਗੱਲ ਦੱਸਦਾ ਨਹੀਂ। ਅਸਲੀ ਗੱਲ ਇਹ ਹੈ ਕਿ ਜਦੋਂ ਤੱਕ ਅਰਥ ਮੈਨੂੰ ਹੀ ਚੰਗੀ ਤਰ੍ਹਾਂ ਸਮਝ ਨਾ ਆਉਣ ਮੈਂ ਇਹ ਕਿਵੇਂ ਬਿਆਨ ਕਰਾਂ। ਇਹ ਗੱਲ ਇਸ ਕਰਕੇ ਨਹੀਂ ਦੱਸਦਾ ਕਿ ਆਮ ਸਰੋਤੇ ਕਿਤੇ ਗੁਰਬਾਣੀ ਪੜ੍ਹਨੋ ਸੁਣਨੋ ਨਾ ਹਟ ਜਾਣ। ਇਹ ਸੋਚਣਗੇ ਕਿ ਜੇ ਇਤਨੇ ਪੜ੍ਹੇ ਲਿਖੇ ਕੀਰਤਨੀਏ ਨੂੰ ਹੀ ਗੁਰਬਾਣੀ ਸਮਝ ਨਹੀਂ ਆਉਂਦੀ ਤਾਂ ਸਾਨੂੰ ਕਿਥੋਂ ਆਵੇਗੀ।

ਪਾਠਕ ਜੀ! ਇਹ ਗੱਲ ਮੈਂ ਉਹਨਾਂ ਨੂੰ ਨਹੀਂ ਦੱਸ ਸਕਦਾ। ਤੁਸੀਂ ਕਹੋਗੇ ਫਿਰ ਸਾਨੂੰ ਕਿਉਂ ਦੱਸ ਰਹੇ ਹੋ।

ਪਿਆਰੇ ਪਾਠਕ ਜੀ! ਤੁਸੀਂ ਤਾਂ ਸਿਆਣੇ ਹੋ ਮੇਰੇ ਸੁਹਿਰਦ ਹੋ। ਤੁਹਾਡੇ ਅੱਗੇ ਤਾਂ ਮੈ ਆਪਾ ਖੋਹਲ ਕੇ ਰੱਖ ਸਕਦਾ ਹਾਂ। ਤੁਸੀਂ ਮੇਰੀ ਮੁਸ਼ਕਲ ਦਾ ਹੱਲ ਵੀ ਦੱਸ ਸਕਦੇ ਹੋ। ਗੁਰਬਾਣੀ ਨੂੰ ਚੰਗੀ ਤਰ੍ਹਾਂ ਕਿਵੇਂ ਸਮਝੀਏ। ਗੁਰਬਾਣੀ ਦੇ ਕਈ ਟੀਕੇ ਮੇਰੇ ਕੋਲ ਹਨ। ਪ੍ਰਿੰਸੀਪਲ ਸਾਹਿਬ ਸਿੰਘ, ਸ: ਮਨਮੋਹਨ ਸਿੰਘ, ਭਾਈ ਵੀਰ ਸਿੰਘ, ਗਿਆਨੀ ਹਰਬੰਸ ਸਿੰਘ, ਸਿੰਘ ਸਾਹਿਬ ਭਾਈ ਮਨੀ ਸਿੰਘ, ਕੁਝ ਪੋਥੀਆਂ ਪ੍ਰਿੰ. ਸਤਿਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪਿਆ ਸ਼ਬਦਾਰਥ/ਅੰਗ੍ਰੇਜ਼ੀ ਦੇ ਟ੍ਰਾਂਸਲੇਸ਼ਨ ਵੀ ਪਏ ਹਨ। ਪਰ ਜਦੋਂ ਕਿਸੇ ਸ਼ਬਦ ਦੇ ਅਰਥ ਪੜ੍ਹਦੇ ਹਾਂ ਤਾਂ ਲਫਜ਼ੀ ਮਾਅਨੇ ਤਾਂ ਸਮਝ ਆਉਂਦੇ ਹਨ ਪਰ ਤੱਤ ਦੀ ਗੱਲ ਕਿਧਰੇ ਰਹਿ ਜਾਂਦੀ ਹੈ। ਇੰਜ ਮਹਿਸੂਸ ਹੁੰਦਾ ਹੈ ਜਿਵੇਂ ਭਾਈ ਵੀਰ ਸਿੰਘ ਹੋਰਾਂ ਦੀ 'ਕੰਬਦੀ ਕਲਾਈ' ਵਾਂਗੂ ਸਾਡੀ ਬੁੱਧੀ ਵੀ ਕੰਬਦੀ ਜਿਹੀ ਰਹਿ ਜਾਂਦੀ ਹੈ। ਕੋਈ ਗੱਲ ਉਸ ਨੂਰ ਵਾਂਗ ਪੱਲੇ ਨਹੀਂ ਪੈਂਦੀ।

ਹੁਣ ਇਸ ਬਰਸੀ ਤੇ ਹੀ ਮੈਂ ਇਸ ਸ਼ਬਦ ਦਾ ਗਾਇਨ ਕੀਤਾ।

ਜਬ ਕਛੁ ਨ ਸੀਓ ਤਬ ਕਿਆ ਕਰਤਾ, ਕਵਨ ਕਰਮ ਕਰ ਆਇਆ।

ਅਪਨਾ ਖੇਲ ਆਪ ਕਰਿ ਦੇਖੈ, ਠਾਕਰ ਰਚਨ ਰਚਾਇਆ।

ਮੇਰੇ ਰਾਮ ਰਾਇ, ਮੁਝ ਤੇ ਕਛੂ ਨ ਹੋਈ।

ਆਪੇ ਕਰਤਾ ਆਪ ਕਰਾਏ ਸਰਬ ਨਿਰੰਤਰ ਸੋਈ।

ਗੁਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ।

ਕਿਰਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ।

ਜੀਅ ਜੰਤ ਸਭ ਤੇਰੇ ਕੀਤੇ ਘਟ ਘਟ ਤੁਹੀ ਧਿਆਈਐ।

ਤੇਰੀ ਗਤਮਿਤ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ।

ਨਿਰਗੁਣ ਮੁਗਧ ਅਜਾਣ ਅਗਿਆਨੀ ਕਰਮ ਧਰਮ ਨਹੀਂ ਜਾਣਾ।

ਦਇਆ ਕਰਹੁ ਨਾਨਕ ਗੁਣ ਗਾਵੈ, ਮੀਠਾ ਲਗੈ ਤੇਰਾ ਭਾਣਾ।

ਗੁਰੂ ਅਰਜਨ ਦੇਵ ਜੀ ਕਿਤਨੀ ਉਚੀ ਅਵਸਥਾ ਦੇ ਮਾਲਕ ਸਨ ਜਿਨ੍ਹਾਂ ਬਾਰੇ ਭਟ ਕਹਿੰਦੇ ਹਨ:

ਜਪਿਓ ਜਿਨ ਅਰਜਨ ਦੇਵ ਗੁਰੂ ਫਿਰ ਸੰਕਟ ਜੋਨ ਗਰਭ ਨਹੀਂ ਆਇਓ।

ਉਹ ਇਹ ਸ਼ਬਦ ਉਚਾਰ ਰਹੇ ਹਨ। ਇਸ ਸ਼ਬਦ ਨੂੰ ਪੜ੍ਹ ਕੇ ਆਪਣੇ ਆਪ ਵਿੱਚੋਂ ਕਰਤਾ ਭਾਵ ਮੁੱਕ ਜਾਂਦਾ ਹੈ। ਮੈਨੂੰ ਕੁਝ ਨਹੀਂ ਕਰਨਾ ਚਾਹੀਦਾ ਕਿਉਂਕਿ ਮੇਰੇ ਕਰਮਾਂ ਨਾਲ ਤਾਂ ਨਿਬੇੜਾ ਹੋਣਾ ਨਹੀਂ। ਨਿਬੇੜਾ ਤਾਂ ਉਸ ਦੀ ਕਿਰਪਾ ਨਾਲ, ਦਇਆ ਨਾਲ ਹੋਣਾ ਹੈ। ਫਿਰ ਮੈਂ ਕਿਉਂ ਕਰਮ ਧਰਮ ਲਈ ਜਤਨ ਕਰਾਂ। ਜਦੋਂ ਗੁਰੂ ਅਰਜਨ ਸਾਹਿਬ ਵਰਗੇ ਧਰਮਾਤਮਾ ਕਹਿ ਰਹੇ ਹਨ:

ਨਿਰਗੁਣ ਮੁਗਧ ਅਜਾਣ ਅਗਿਆਨੀ ਕਰਮ ਧਰਮ ਨਹੀਂ ਜਾਣਾ।

ਉਹ ਵੀ ਪਰਮਾਤਮਾ ਤੋਂ ਦਇਆ ਦੀ ਮੰਗ ਕਰ ਰਹੇ ਹਨ। ਫਿਰ ਸਾਨੂੰ ਵੀ ਉਸ ਦੀ ਦਇਆ ਪ੍ਰਾਪਤ ਕਰਨ ਲਈ ਤਰਲਾ ਹੀ ਕਰਨਾ ਚਾਹੀਦਾ ਹੈ। ਇਹ ਕਹਿਣਾ ਚਾਹੀਦਾ ਹੈ:

*ਮੁਝ ਤੇ ਕਛੂ ਨ ਹੋਈ।*

*ਕਿਰਪਾ ਕਰਹੁ ਪ੍ਰਭ ਕਰਣੈਹਾਰੇ। ਦਇਆ ਕਰਹੁ ਨਾਨਕ ਗੁਣ ਗਾਵੈ।*

ਅਸਲ ਵਿੱਚ ਗੁਰਬਾਣੀ ਦੇ ਅਰਥ ਤਰਕ ਜਾਂ ਬੁੱਧੀ ਦੀ ਪੱਧਰ ਤੇ ਸਮਝੇ ਨਹੀਂ ਜਾ ਸਕਦੇ। ਸ਼ਾਇਦ ਮੈਂ ਆਪਣੇ ਥੀਸਿਸ ਵਿੱਚ ਕਿਤੇ ਲਿਖਿਆ ਹੈ। ਗੁਰਬਾਣੀ ਦੇ ਅਨੁਭਵ ਦੀ ਤਰੰਗ ਨੂੰ ਨਾਦ ਜਾਂ ਰਾਗ ਦੀ ਸਹਾਇਤਾ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ ਕਿਉਂਕਿ ਗੁਰਬਾਣੀ ਦਾ ਅਨੁਭਵ ਵੀ ਬੁੱਧੀ ਤੋਂ ਪਰ੍ਹੇ ਹੈ ਤੇ ਨਾਦ ਦੀ ਸ਼ਕਤੀ ਵੀ ਬੁੱਧੀ ਤੋਂ ਪਰ੍ਹੇ ਹੈ ਇਸ ਲਈ ਇਨ੍ਹਾਂ ਦੋਹਾਂ ਦੇ ਸੁਮੇਲ ਨਾਲ ਉਸ ਅਨੁਭਵ ਦੇ ਨੇੜੇ ਤੇੜੇ ਦਾ ਅਨੰਦ ਮਾਣ ਸਕਦੇ ਹਾਂ ਤੇ ਅਨੁਭਵ ਦੀ ਉਸ ਛੁਹ ਨਾਲ ਕੁਝ ਸਮੇਂ ਤਕ ਸਾਡਾ ਆਪ ਝੂਮਦਾ ਰਹਿੰਦਾ ਹੈ।

ਅਜਿਹੇ ਸਮੇਂ ਉਪਰੋਕਤ ਸ਼ਬਦ ਦਾ ਗਾਇਨ ਕਰਦਿਆਂ ਆਪਣੀ ਹਉਮੈ ਖਤਮ ਹੋ ਜਾਂਦੀ ਹੈ ਤੇ ਇਹ ਵੀ ਭਾਵ ਰਹਿੰਦਾ ਹੈ 'ਮੁਝ ਤੇ ਕਛੂ ਨ ਹੋਈ' ਜਾਂ 'ਦਇਆ ਕਰਹੁ ਨਾਨਕ ਗੁਣ ਗਾਵੈ'। ਗੁਣ ਗਾਉਣ ਨਾਲ ਉਸ ਦਾ ਭਾਣਾ ਮਿੱਠਾ ਲੱਗਣ ਲੱਗ ਪੈਂਦਾ ਹੈ। ਭਾਣਾ ਕੇਵਲ ਗੱਲਾਂ ਨਾਲ ਮਿੱਠਾ ਨਹੀਂ ਲਗਦਾ। ਗੁਰੂ ਸਾਹਿਬ ਇਸ ਭਾਣੇ ਨੂੰ 'ਬਿਖਮ' ਵੀ ਕਹਿੰਦੇ ਹਨ।

ਇਸ ਕਰਕੇ ਗੁਰਬਾਣੀ ਦੀ ਵਿਆਖਿਆ ਨਾਲੋਂ ਮੇਰਾ ਵਿਸ਼ਵਾਸ਼ ਕੀਰਤਨ ਵਿੱਚ ਹੈ। ਪਰ ਕੀਰਤਨ ਵਿੱਚ ਨਾਦ ਦਾ ਖਾਸ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਨਾਦ ਸੁਰੀਲੀ ਆਵਾਜ਼ ਨੂੰ ਕਹਿੰਦੇ ਹਨ। ਨਾਦ ਬਾਰੇ ਚਰਚਾ ਫਿਰ ਕਦੀ ਕਰਾਂਗੇ।

# ਗੁਰਮਤਿ ਸੰਗੀਤ ਦੇ ਪ੍ਰਮੁੱਖ ਕੀਰਤਨਕਾਰ

ਡਾ. ਯਸ਼ਪਾਲ ਸ਼ਰਮਾ

ਗੁਰਮਤਿ ਸੰਗੀਤ ਦੇ ਸਿੱਧਾਂਤਕ ਆਧਾਰ ਨੂੰ ਵਿਵਹਾਰਕ ਰੂਪ ਵਿੱਚ ਸ਼ੁੱਧ ਅਤੇ ਮੌਲਿਕ ਪਰੰਪਰਾ ਵਜੋਂ ਕਾਇਮ ਰਖਣ ਲਈ ਸੀਨ-ਬ-ਸੀਨਾ ਸਿਖਲਾਈ ਅਤੇ ਵਿਵਹਾਰ ਦੀ ਇਹ ਪਰੰਪਰਾ ਮੱਧਕਾਲ ਤੋਂ ਵਰਤਮਾਨ ਕਾਲ ਤੱਕ ਦੇ ਵਿਸਤ੍ਰਿਤ ਪਸਾਰੇ ਵਾਲੀ ਇੱਕ ਵਡੇਰੀ ਪਰੰਪਰਾ ਹੈ। ਇਸ ਪਰੰਪਰਾ ਵਿੱਚ ਪ੍ਰਯੋਗ ਹੋਣ ਵਾਲੇ ਰਾਗ, ਗਾਇਨ ਸ਼ੈਲੀਆਂ, ਸਾਜ਼ ਆਦਿ ਵਿਵਹਾਰਕ ਰੂਪ ਵਿੱਚ ਇੱਕ ਵਿਸ਼ਾਲ ਅਮੀਰ ਸੰਗੀਤ ਵਿਰਾਸਤ ਦੇ ਧਾਰਣੀ ਹਨ ਜਿਨ੍ਹਾਂ ਪਿਛੇ ਸ਼ਰਧਾ ਅਤੇ ਮਰਿਆਦਾ ਦੀ ਪਰੰਪਰਾ ਤੋਂ ਇਲਾਵਾ ਨਿਰੰਤਰ ਰਿਆਜ਼ ਦਾ ਇੱਕ ਲੰਮੇਰਾ ਪੈਂਡਾ ਹੈ। ਇਸ ਦੀ ਇੱਕ ਧਾਰਾ ਗੁਰਮਤਿ ਸੰਗੀਤ ਦੇ ਪ੍ਰਸਿੱਧ ਰਬਾਬੀ ਕੀਰਤਨ ਕਾਰਾਂ ਦੀ ਹੈ, ਦੂਸਰੀ ਸਾਧਾਰਣ ਸਿੱਖ ਸੰਗਤ ਵਿੱਚ ਗੁਰਮਤਿ ਸੰਗੀਤ ਦੇ ਸਵੈ-ਪ੍ਰਵਾਹਮਾਨ ਸ਼ਬਦ ਕੀਰਤਨ ਉਪਰ ਆਧਾਰਿਤ ਹੈ। ਦੂਸਰੀ ਧਾਰਾ ਪਿੱਛੇ ਭਾਵੇਂ ਕਿਸੇ ਨਿਧਾਰਤ ਸਿਖਲਾਈ ਦਾ ਆਧਾਰ ਨਹੀਂ ਪਰ ਸਦੀਆਂ ਤੋਂ ਕੀਰਤਨ ਪਰੰਪਰਾ ਦੀ ਮਰਿਆਦਾ ਅੱਜ ਵੀ ਨਿਰੰਤਰ ਹੈ।

ਗੁਰਮਤਿ ਸੰਗੀਤ ਵਿੱਚ ਰਬਾਬੀ ਕੀਰਤਨੀਆਂ ਦੀ ਪਰੰਪਰਾ ਨੂੰ ਜੀਵੰਤ ਅਤੇ ਕਾਰਜਸ਼ੀਲ ਰੱਖਣ ਵਾਲੇ ਸੰਗੀਤਕਾਰ ਹਮੇਸ਼ਾ ਸਤਿਕਾਰ ਦੇ ਪਾਤਰ ਰਹੇ ਹਨ ਜਿਨ੍ਹਾਂ ਨੂੰ 'ਭਾਈ ਜੀ' ਕਹਿ ਕੇ ਸਨਮਾਨਿਆ ਜਾਂਦਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੀ ਉਹਨਾਂ ਦੇ ਪਹਿਲੇ ਰਬਾਬੀ ਕੀਰਤਨੀਏ ਭਾਈ ਮਰਦਾਨਾ ਜੀ ਨਾਲ ਅਟੁੱਟ ਸਾਂਝ ਸੀ ਅਤੇ ਉਸ ਉਪਰੰਤ ਬਾਕੀ ਗੁਰੂ ਸਾਹਿਬਾਨ ਵੀ ਆਪਣੇ ਸਮਕਾਲੀ ਕੀਰਤਨਕਾਰਾਂ ਨੂੰ ਪੂਰਨ ਸਨਮਾਨ ਦਿੰਦੇ ਰਹੇ। ਅਨੇਕਾਂ ਹੋਰ ਕੀਰਤਨੀਆਂ ਨੇ ਇਸ ਮਹਾਨ ਪਰੰਪਰਾ ਨੂੰ ਅੱਗੇ ਤੋਰਿਆ ਜਿਨ੍ਹਾਂ ਦਾ ਜੀਵਨ ਗੁਰਮਤਿ ਸੰਗੀਤ ਦਾ ਅਨਿਖੜ ਅੰਗ ਹੈ। ਉਨ੍ਹਾਂ ਦੇ ਜੀਵਨ ਬਿਰਤਾਂਤ ਦੇ ਰਾਹੀਂ ਸਾਨੂੰ ਇਸ ਅਦੁੱਤੀ ਪਰੰਪਰਾਂ ਦੇ ਹੋਰ ਤੱਥਾਂ ਬਾਰੇ ਗਿਆਨ ਵੀ ਸਹਿਜ ਹੀ ਉਪਲਬਧ ਹੋ ਜਾਂਦਾ ਹੈ।

**ਭਾਈ ਮਰਦਾਨਾ:** ਭਾਈ ਮਰਦਾਨੇ ਨੂੰ ਗੁਰੂ ਘਰ ਦੇ ਪ੍ਰਥਮ ਕੀਰਤਨੀਏ ਹੋਣ ਕਰਕੇ ਗੁਰਮਤਿ ਦੇ ਪਿਤਾਮਾ ਵਜੋਂ ਸਤਿਕਾਰਿਆ ਜਾਂਦਾ ਹੈ। ਇਨ੍ਹਾਂ ਦੀ ਮਹਾਨ ਸੰਗੀਤਕ ਸ਼ਖਸ਼ੀਅਤ ਬਾਰੇ ਇਸ ਤੋਂ ਵੱਧ ਕੀ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਵਰਗੇ ਮਹਾਂਪੁਰਖ ਨੇ ਆਪਣੀ ਇਲਾਹੀ ਬਾਣੀ ਦੇ ਸੰਗੀਤ ਹਿਤ ਗਾਇਕ ਅਤੇ ਵਾਦਕ ਵਜੋਂ ਆਪ ਜੀ ਨੂੰ ਚੁਣਿਆ। ਆਪ ਜੀ ਦਾ ਜਨਮ 1459 ਈ. ਵਿੱਚ ਤਲਵੰਡੀ ਜ਼ਿਲ੍ਹਾ ਸ਼ੇਖੂਪੁਰ ਵਿਖੇ ਹੋਇਆ ਜੋ ਅੱਜ ਕਲ ਪਾਕਿਸਤਾਨ ਵਿੱਚ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਵਜੋਂ ਸ੍ਰੀ ਨਨਕਾਣਾ ਸਾਹਿਬ ਕਰਕੇ ਜਾਣੀ ਜਾਂਦੀ ਹੈ। ਭਾਈ ਮਰਦਾਨਾ ਜੀ ਮੀਰਾਸੀ ਘਰਾਣੇ ਵਿੱਚ ਪਿਤਾ ਮੀਰ ਬਾਦਰੇ ਅਤੇ ਮਾਤਾ ਲੱਖੋ ਦੇ ਘਰ ਪੈਦਾ ਹੋਏ। ਬਚਪਨ ਤੋਂ ਹੀ ਸੰਗੀਤ ਸੂਝ ਹੋਣ ਕਰਕੇ ਅਤੇ ਆਪ ਜੀ ਦੀ ਪ੍ਰਤਿਭਾ ਨੂੰ ਹੋਰ ਵਿਕਸਿਤ ਕਰਨ ਹਿਤ ਗੁਰੂ ਸਾਹਿਬ ਨੇ ਭਾਈ ਸਾਹਿਬ ਨੇ ਭਾਈ ਫੇਰੂ ਕੋਲੋਂ ਇੱਕ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾ ਕੇ ਦਿੱਤਾ।

ਭਾਈ ਮਰਦਾਨਾ ਗੁਰੂ ਸਾਹਿਬ ਦੇ ਪ੍ਰਮੁੱਖ ਸਾਥੀ, ਅਨਿਨ ਸੇਵਕ ਅਤੇ ਵਿਸ਼ੇਸ਼ ਕਿਰਪਾ ਤੇ ਪਾਤਰ ਸਨ ਜੋ ਗੁਰੂ ਜੀ ਦੀ ਜੀਵਨ ਯਾਤਰਾ ਦੇ ਅਨਿਖੜਵੇਂ ਅੰਗ ਵਜੋਂ ਵਿਚਰੇ। ਦੇਸ਼ ਦੇਸ਼ਾਂਤਰਾਂ ਦੇ ਰਟਣ ਵੇਲੇ ਲੋਕਾਈ ਸੋਧਣ ਹਿਤ ਗੁਰੂ ਜੀ ਨੇ ਜਦੋਂ ਉਦਾਸੀਆਂ ਧਾਰੀਆਂ ਤਾਂ ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਚੁਣਿਆ। ਉਨ੍ਹਾਂ ਦੋਹਾਂ ਵਿੱਚ ਸੰਗੀਤ ਅਤੇ ਸੁਰ ਦੀ ਸਾਂਝ ਸੀ। ਮਰਦਾਨਾ, ਉਸ ਦੀ ਰਬਾਬ ਅਤੇ ਰਬਾਬ ਤੋਂ ਨਿਕਲੀਆਂ ਅਦੁੱਤੀ ਸੁਰਾਵਲੀਆਂ ਗੁਰੂ ਜੀ ਦੀ ਬਾਣੀ ਅਤੇ ਕੀਰਤਨ ਦਾ ਬੁਨਿਆਦੀ ਅੰਗ ਸਨ। ਗੁਰੂ ਜੀ ਦੀ ਉਪਦੇਸ਼ ਸੰਚਾਰ ਪ੍ਰਕਿਰਿਆ ਵਿੱਚ ਮਰਦਾਨਾ ਇੱਕ ਪ੍ਰਮੁੱਖ ਕੜੀ ਸੀ। ਅਪਾਰ ਕਿਰਪਾ ਸਦਕਾ ਆਪ ਦੇ ਰਬਾਬ ਵਾਦਨ ਵਿੱਚ ਅਗੰਮੀ ਖਿੱਚ, ਵਿਸਮਾਦੀ ਰੰਗ ਅਤੇ ਕਹਿਰਾਂ ਦੀ ਸੋਜ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਮਰਦਾਨਾ ਮਹਲ 1' ਸਿਰਲੇਖ ਅਧੀਨ ਦੋ ਰੂਪਕ ਅਲੰਕਾਰ ਦੇ ਸਲੋਕ (ਆਦਿ ਗ੍ਰੰਥ, ਬਿਹਾਗੜਾ ਦੀ ਵਾਰ ਮਹਲਾ੧ ਪੰਨਾ ੫੫੩) ਮਿਲਦੇ ਹਨ ਜੋ ਅਪਾ ਜੀ ਦੀ ਪਵਿੱਤਰ ਯਾਦ ਨੂੰ ਸਦੀਵੀ ਰੂਪ ਦਿੰਦੇ ਹਨ। 1534 ਈ. ਵਿੱਚ ਤੀਜੀ ਉਦਾਸੀ ਦੇ ਸਮੇਂ ਦੌਰਾਨ ਅਫਗਾਨਿਸਤਾਨ ਵਿੱਚ ਖੁਰਮ ਨਦੀ ਦੇ ਕੰਢੇ ਗੁਰੂ ਜੀ ਦੇ ਹੱਥਾਂ ਵਿੱਚ ਆਪ ਜੀ ਨੇ ਸੁਆਸ ਤਿਆਗੇ। ਗੁਰੂ ਸਾਹਿਬ ਨੇ ਵੀ ਮਰਦਾਨੇ ਨੂੰ ਬਖਸ਼ਿਸ਼ ਕਰਦਿਆਂ ਉਚਾਰਿਆ ਸੀ- ਮਰਦਾਨਿਆ! ਜਿਥੇ ਤੇਰਾ ਵਾਸਾ ਉਥੇ ਮੇਰਾ ਵਾਸਾ।

ਭਾਈ ਗੁਰਦਾਸ ਨੇ ਵੀ ਮਰਦਾਨੇ ਦੀ ਗੁਰੂ ਸਾਹਿਬ ਨਾਲ ਅਟੁੱਟ ਸਾਂਝ ਨੂੰ ਪ੍ਰਗਟ ਕੀਤਾ ਹੈ- 'ਇਕੁ ਬਾਬਾ

ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।' ਵਾਰ (੧/੩੫)। ਮਰਦਾਨੇ ਤੋਂ ਪਿਛੋਂ ਵੀ ਗੁਰੂ ਘਰ ਵਿੱਚ ਰਬਾਬੀਆਂ ਨੂੰ ਹਮੇਸ਼ਾਂ ਵਿਸ਼ੇਸ਼ ਸਤਿਕਾਰ ਮਿਲਦਾ ਰਿਹਾ।

**ਭਾਈ ਸਜਾਦਾ (ਭਾਈ ਸ਼ਹਿਜ਼ਾਦ):** ਆਪ ਭਾਈ ਮਰਦਾਨਾ ਜੀ ਦੇ ਸਪੁੱਤਰ ਸਨ ਜਿਨ੍ਹਾਂ ਨੇ ਆਪਣੇ ਪਿਤਾ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦਰਬਾਰ ਵਿੱਚ ਕੀਰਤਨ ਦੀ ਸੇਵਾ ਕੀਤੀ। ਇਨ੍ਹਾਂ ਦੇ ਜੀਵਨ ਸੰਬੰਧੀ ਵਿਸ਼ੇਸ਼ ਵੇਰਵਾ ਸਿੱਖ ਇਤਿਹਾਸ ਵਿੱਚ ਨਹੀਂ ਮਿਲਦਾ।

**ਭਾਈ ਸਾਦੂ ਅਤੇ ਭਾਈ ਬਾਦੂ:** ਇਹ ਦੋਵੇਂ ਰਬਾਬੀ ਭਰਾ ਭਾਈ ਰਜ਼ਾਦਾ ਦੇ ਸਪੁੱਤਰ ਸਨ। ਆਪ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਸ਼ਬਦ ਕੀਰਤਨ ਦੀ ਸੇਵਾ ਨਿਭਾਈ।

**ਭਾਈ ਦੀਪਾ:** ਭਾਈ ਦੀਪਾ ਜੀ ਗੁਰੂ ਅੰਗਦ ਦੇਵ ਜੀ ਦੇ ਵਿਸ਼ੇਸ਼ ਪ੍ਰੇਮੀ ਸਿੱਖ ਸਨ ਜੋ ਢੱਲ ਸਥਾਨ ਦੇ ਨਿਵਾਸੀ ਸਨ। ਆਪ ਜੀ ਨੇ ਦੂਜੀ ਪਾਤਸ਼ਾਹੀ ਤੋਂ ਲੈ ਕੇ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਗੁਰੂ ਦਰਬਾਰ ਵਿੱਚ ਕੀਰਤਨ ਕਰਕੇ ਹਰਿ ਜਸ ਦਾ ਨਾਮਣਾ ਖੱਟਿਆ।

**ਭਾਈ ਪਾਧਾ ਅਤੇ ਭਾਈ ਬੂਲਾ:** ਭਾਈ ਪਾਧਾ ਅਤੇ ਭਾਈ ਬੂਲਾ ਗੁਰੂ ਅਮਰਦਾਸ ਜੀ ਦੇ ਦਰਬਾਰ ਦੇ ਪ੍ਰਸਿੱਧ ਕੀਰਤਨੀਏ ਸਨ ਜੋ ਗੁਰਬਾਣੀ ਦੇ ਗਾਇਨ ਤੋਂ ਇਲਾਵਾ, ਉਸ ਨੂੰ ਸੁੰਦਰ ਲਿਖਾਈ ਵਿੱਚ ਲਿਖ ਲਿਖ ਕੇ ਗੁਰੂ ਘਰ ਆਈਆਂ ਸੰਗਤਾਂ ਨੂੰ ਭੇਟਾਂ ਕਰਨ ਦੀ ਸੇਵਾ ਕਰਦੇ ਸਨ।

**ਭਾਈ ਉਗੱਰ ਸੈਨ, ਭਾਈ ਨਗੌਰੀ ਮੱਲ, ਭਾਈ ਰਾਮੂ:** ਭਾਈ ਉਗੱਰ ਸੈਨ, ਭਾਈ ਨਗੌਰੀ ਮੱਲ, ਭਾਈ ਰਾਮੂ ਗੁਰੂ ਅਮਰਦਾਸ ਜੀ ਦੇ ਪਰਮ ਸ਼ਰਧਾਲੂ ਸਿੱਖ ਸਨ। ਇਹ ਡੱਲਾ ਨਿਵਾਸੀ ਸਨ ਅਤੇ ਗੁਰੂ ਘਰ ਦੇ ਉੱਚ ਕੋਈ ਦੇ ਕੀਰਤਨੀਏ ਸਨ। ਭਾਈ ਉਗੱਰ ਸੈਨ ਰਾਗ ਵਿਦਿਆ ਦੇ ਪੰਡਤ ਸਨ ਜਦ ਕਿ ਭਾਈ ਨਗੌਰੀ ਮੱਲ ਗੁਰਬਾਣੀ ਗਾਇਣ ਦੇ ਨਾਲ ਨਾਲ ਵਿਭਿੰਨ ਸ਼ਾਜ ਵਜਾਉਣ ਦੇ ਵੀ ਮਾਹਰ ਸਨ। ਭਾਈ ਰਾਮੂ ਛੋਟੀ ਉਮਰ ਵਿੱਚ ਹੀ ਕੀਰਤਨ ਵਿੱਚ ਨਿਪੁੰਨ ਹੋ ਗਏ ਸਨ ਅਤੇ ਆਪ ਨੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਵੀ ਕੀਤਰਨ ਸੇਵਾ ਕਰਕੇ ਨਾਮਣਾ ਖੱਟਿਆ।

**ਭਾਈ ਝਾਝੂ, ਭਾਈ ਮੁਕੰਦ, ਭਾਈ ਕਿਦਾਰਾ:** ਇਹ ਤਿੰਨੋ ਵਿਦਵਾਨ ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦੇ ਕੀਰਤਨਕਾਰ ਸਨ। ਭਾਈ ਮੁਕੰਦ ਰਾਗ ਵਿਦਿਆ ਦੇ ਵਿਸ਼ੇਸ਼ ਜਾਣਕਾਰ ਸਨ। ਭਾਈ ਗੁਰਦਾਸ ਨੇ ਵੀ ਇਨ੍ਹਾਂ ਦਾ ਹਵਾਲ ਦਿੱਤਾ ਹੈ:

*ਝਾਝੂ ਅਤੇ ਮੁਕੰਦ ਹੈ ਕੀਰਤਨ ਕਰੇ ਹਜ਼ੂਰ ਕਦਾਰਾ*
*ਸਾਧਿ ਸੰਗਤ ਪਰਗਟੁ ਪਹਾਰਾ।*

**ਭਾਈ ਸੱਤਾ ਅਤੇ ਬਲਵੰਡ:** ਭਾਈ ਮਰਦਾਨੇ ਦੀ ਪਰੰਪਰਾ ਵਿੱਚ ਭਾਈ ਬਲਵੰਡ ਅਤੇ ਭਾਈ ਸੱਤੇ ਦਾ ਮਹੱਤਵਪੂਰਨ ਸਥਾਨ ਹੈ ਜਿਹਨਾ ਨੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਪਹਿਲਾ ਪਹਿਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਸੇਵਾ ਦਾ ਆਰੰਭ ਕੀਤਾ। ਕੁਝ ਇਤਿਹਾਸਕਾਰਾਂ ਨੇ ਭਾਈ ਸੱਤੇ ਨੂੰ ਬਲਵੰਡ ਦਾ ਪੁੱਤਰ ਮੰਨਿਆ ਹੈ। ਭਾਈ ਸੰਤੋਖ ਸਿੰਘ ਜੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਦੇ ਹਨ:

*ਹੁਤੋ ਡੂਮ ਬਲਵੰਡ ਮਹਾਨਾ ਸਤਾ ਤਿਸਕੋ ਅਨੁਜ ਸੁਜਾਨਾ।*

ਗੁਰੂ ਘਰ ਦੇ ਇਨ੍ਹਾਂ ਰਬਾਬੀ ਕੀਰਤਨੀਆਂ ਕੋਲ ਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਕਲਾ ਤੇ ਹੁਨਰ ਦਾ ਖਜ਼ਾਨਾ ਸੀ। ਆਪ ਰਬਾਬ ਅਤੇ ਸਾਰੰਦਾ ਵਜਾ ਕੇ ਕੀਰਤਨ ਕਰਿਆ ਰਚੀ ਕਰਦੇ ਸਨ। ਭਾਈ ਬਲਵੰਡ ਨੇ ਗੁਰੂ ਅੰਗਦ ਦੇਵ ਜੀ ਤੋਂ ਅਰਜਨ ਦੇਵ ਜੀ ਦੇ ਸਮੇਂ ਤਕ ਕੀਰਤਨ-ਸੇਵਾ ਨਿਭਾਈ। ਇਨ੍ਹਾਂ ਦੁਆਰਾ ਰਚੀ ਗਈ ਰਾਮਕਲੀ ਦੀ ਵਾਰ (ਟਿੱਕੇ ਦੀ ਵਾਰ) ਜੋ ਆਦਿ ਗ੍ਰੰਥ ਵਿਚ ਪੰਨਾ ੯੬੬ ਤੇ ਦਰਜ ਹੈ, ਨੂੰ ਇਨ੍ਹਾਂ ਨੇ ਗੁਰਆਈ ਦੇ ਤਿਲਕ ਸਮੇਂ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਗਾਇਆ ਸੀ। ਇਸ ਵਾਰ ਵਿੱਚ ਗੁਰੂ-ਜੋਤ ਦੀ ਇਕਰੂਪਤਾ ਅਤੇ ਇਸ ਜੋਤ ਦਾ ਵੱਖ ਵੱਖ ਗੁਰੂ-ਰੂਪਾਂ ਵਿੱਚ ਪਲਟਣ ਵਰਗੀ ਅਧਿਆਤਮਕ ਰਮਜ਼ ਵਲ ਸੰਕੇਤ ਹੈ। ਕਾਵਿ ਅਤੇ ਸੰਗੀਤ ਵਿੱਚ ਨਿਪੁੰਨ ਇਨ੍ਹਾਂ ਰਬਾਬੀ ਸਿੰਘਾਂ ਦੀ ਗਾਇਕੀ ਯੁਗਲ ਰੂਪ ਵਿੱਚ ਉਮਰ ਭਰ ਗੁਰੂ -ਚਰਨਾਂ ਵਿੱਚ ਪਰਵਾਨ ਚੜ੍ਹੀ।

ਇਤਿਹਾਸ ਦਸਦਾ ਹੈ ਕਿ ਇੱਕ ਵਾਰ ਇਨ੍ਹਾਂ ਨੇ ਸੰਸਾਰਿਕ ਲੋੜਾਂ ਦੀ ਪੂਰਤੀ ਹਿਤ ਮਾਇਆ ਦੀ ਤੰਗੀ ਕਰਕੇ ਲਾਲਚ ਦੇ ਵੱਸ ਹੋ ਗੁਰੂ ਸਾਹਿਬ ਤੋਂ ਇੱਕ ਦਿਨ ਦਾ ਚੜ੍ਹਾਵਾ ਇਨਾਮ ਰੂਪ ਵਿਚ ਮੰਗਿਆ ਪਰ ਸੰਜੋਗ ਨਾਲ ਹੀ ਉਸ ਦਿਨ ਚੜ੍ਹਾਵਾ ਘੱਟ ਚੜ੍ਹਿਆ ਅਤੇ ਇਨ੍ਹਾਂ ਨੇ ਨਾਰਾਜ਼ ਹੋ ਕੇ ਗੁਰੂ-ਦਰਬਾਰ ਦਾ ਕੀਰਤਨ ਛੱਡ ਦਿੱਤਾ ਅਤੇ ਗੁਰੂ ਦੀ ਨਿੰਦਿਆ ਕੀਤੀ ਜਿਸ ਕਾਰਣ

ਇਨ੍ਹਾਂ ਦਾ ਸ਼ਰੀਰ ਕੋਹੜੀ ਹੋ ਗਿਆ। ਬਾਅਦ ਵਿੱਚ ਭਾਈ ਲੱਧਾ ਰਾਹੀਂ ਆਪਣੀ ਭੁੱਲ ਬਖਸ਼ਾਈ (ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ ੧੫੦)। ਇਹ ਸਾਖੀ ਜਿਵੇਂ ਵੀ ਹੋਵੇ ਪਰ ਗੁਰੂ ਨਾਲ ਰੁਸਣਾ ਇਨ੍ਹਾਂ ਦੇ ਹੁਨਰ ਦਾ ਮਾਣ ਸੀ ਅਤੇ ਬਖਸਿੰਦ ਦੁਆਰਾ ਗੁਰੂ ਵਲੋਂ ਮਨਾਏ ਜਾਣ ਦੀ ਆਸ ਵੀ। ਇਸ ਸਭ ਘਟਨਾਕ੍ਰਮ ਦਾ ਨਤੀਜਾ ਇਹ ਹੋਇਆ ਕਿ ਇਨ੍ਹਾਂ ਦੇ ਗੁਰੂ-ਘਰ ਛੱਡ ਜਾਣ ਵੇਲੇ ਗੁਰੂ ਸਾਹਿਬ ਨੇ ਸਮੂਹ ਸਿੱਖ ਸੰਗਤਾਂ ਨੂੰ ਸੰਪੂਰਣ ਸ਼ਰਧਾ ਤੇ ਪਿਆਰ ਨਾਲ ਕੀਰਤਨ ਕਰਨ ਦੀ ਜਾਂਚ ਪ੍ਰਸਾਦ ਰੂਪ ਵਿੱਚ ਦਿੱਤੀ ਅਤੇ ਕੀਰਤਨ ਦੀ ਬਖਸ਼ਿਸ਼ ਰਬਾਬੀ ਕੀਰਤਨੀਆਂ ਤਕ ਸੀਮਿਤ ਨਾ ਰਹਿ ਕੇ ਸਿੱਖ ਸੰਗਤਾਂ ਦੇ ਹਿੱਸੇ ਵੀ ਆ ਗਈ। ਇਨ੍ਹਾਂ ਦੀ ਬਖਸ਼ਿੰਦ ਨਾਲ ਸੰਗਤਾਂ ਨੂੰ ਕੀਰਤਨ ਦੇ ਆਸ਼ੀਰਵਾਦ ਸਦਕਾ 'ਸ਼ਰਧਾ' ਅਤੇ 'ਹੁਨਰ' ਇਸ ਪਰੰਪਰਾ ਦੇ ਪ੍ਰਤੱਖ ਗੁਣਾਂ ਵਜੋਂ ਪ੍ਰਗਟ ਹੋਏ ਜੋ ਅਜ ਵੀ ਵਿਦਮਾਨ ਹਨ।

ਗੁਰਮਤਿ ਸੰਗੀਤ ਵਿੱਚ ਕੀਰਤਨ ਦੀ ਸ਼ੁੱਧ ਰਾਗਾਤਮਕ ਕਲਾਤਮਕ ਗੁਣਾਂ ਦੀ ਧਾਰਣੀ ਰਬਾਬੀ ਅਤੇ ਸੰਗਤ ਦੁਆਰਾ ਸ਼ਰਧਾ ਰੂਪ ਕੀਰਤਨ ਦੀ ਪਰੰਪਰਾ ਨਾਲ ਇਨ੍ਹਾਂ ਦੋਵੇਂ ਰਬਾਬੀ ਸੰਗੀਤਕਾਰਾਂ ਦੀ ਯਾਦ ਇਤਿਹਾਸਕ ਰੂਪ ਵਿੱਚ ਸਜੀਵ ਹੈ ਅਤੇ ਹੁਨਰਮੰਦ ਕੀਰਤਨੀਆਂ ਨੂੰ ਮਾਰਗ ਦਰਸਾਉਂਦੀ ਰਹੇਗੀ।

**ਭਾਈ ਬਾਬਕ:** ਭਾਈ ਬਾਬਕ ਗੁਰੂ ਹਰਗੋਬਿੰਦ ਸਾਹਿਬ ਦੀ ਚਲਾਈ ਪੀਰੀ ਪਰੰਪਰਾ ਦੇ ਪ੍ਰਮੁੱਖ ਧਾਰਣੀ ਸਨ ਅਤੇ ਭਗਤੀ ਸ਼ਕਤੀ ਦੇ ਸੁਮੇਲ ਦੀ ਇੱਕ ਅਦੁੱਤੀ ਮਿਸਾਲ ਸਨ। ਆਪ ਤਲਵਾਰ ਦੇ ਧਨੀ ਅਤੇ ਘੋੜਸਵਾਰੀ ਵਿੱਚ ਨਿਪੁੰਨ ਹੋਣ ਦੇ ਨਾਲ ਨਾਲ ਸ਼ਬਦ ਕੀਰਤਨ ਦੀ ਦਾਤ ਨਾਲ ਵੀ ਮਾਲਮਾਲ ਸਨ ਜਿਸ ਕਰਕੇ ਗੁਰੂ ਸਾਹਿਬ ਦਾ ਆਪ ਜੀ ਨਾਲ ਵਿਸ਼ੇਸ਼ ਪ੍ਰੇਮ ਸੀ। ਆਪ ਗੁਰੂ ਦੇ ਚੰਦ ਨਿਕਟਵਰਤੀ ਸਿੱਖਾਂ ਵਿੱਚੋਂ ਇੱਕ ਸਨ। 'ਬਾਬਕ' ਸ਼ਬਦ ਦਾ ਅਰਥ ਹੈ "ਵਫ਼ਾਦਾਰ" ਅਤੇ ਭਾਈ ਬਾਬਕ ਨੇ ਇਸ ਸ਼ਬਦ ਨੂੰ ਸਿੱਖ ਇਤਿਹਾਸ ਵਿੱਚ ਕਲਾ, ਸ਼ਕਤੀ ਅਤੇ ਸ਼ਰਧਾ ਦੇ ਨਵੀਨ ਅਰਥਾਂ ਸੰਗ ਮੂਰਤੀਮਾਨ ਕੀਤਾ। ਆਪ ਦਾ ਦੇਹਾਂਤ 1699 ਈ. ਵਿੱਚ ਕੀਰਤਪੁਰ ਵਿਖੇ ਹੋਇਆ।

**ਭਾਈ ਅਬਦੁਲਾ ਤੇ ਨੱਥਮਲ:** ਭਾਈ ਅਬਦੁਲਾ ਅਤੇ ਨੱਥਮਲ ਗੁਰੂ ਹਰਗੋਬਿੰਦ ਸਿੰਘ ਦੇ ਦਰਬਾਰ ਦੇ ਕੀਰਤਨੀਏ ਸਨ। ਆਪ ਗੁਰੂ ਸਾਹਿਬ ਦੀ ਸਿੱਖ ਸੈਨਾ ਵਿੱਚ ਵੀਰ ਰਸ ਭਰਪੂਰ ਵਾਰਾਂ ਗਾ ਕੇ ਯੋਧਿਆਂ ਵਿੱਚ ਜੋਸ਼ ਦਾ ਸੰਚਾਰ ਕਰਦੇ ਸਨ। ਆਪ ਗੁਰਮਤਿ ਸੰਗੀਤ ਵਿੱਚ ਰਾਗਾਤਮਕ ਪਰੰਪਰਾ ਤੇ ਲੋਕਗਾਇਕੀ ਦੇ ਸਮਕਾਲੀ ਸਰੂਪ ਦੀ ਪ੍ਰਮਾਣਿਕਤਾ ਦੇ ਵਿਵਹਾਰਕ ਥੰਮ ਸਨ। ਇਨ੍ਹਾਂ ਦੋਵੇਂ ਵਿਧਾਵਾਂ ਦਾ ਸੁੰਦਰ ਸੁਮੇਲ ਆਪ ਦੀ ਗਾਇਕੀ ਵਿੱਚ ਪ੍ਰਤੱਖ ਸੀ। ਆਪ ਦੋਹਾਂ ਬਾਰੇ ਕਥਨ ਹੈ:

*ਨੱਥ ਢੱਡ ਵਜਾਇ, ਅਬਦੁੱਲਾ ਹਥ ਰਬਾਬ ਲੈ।*

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਾਰਾਂ ਦੀਆਂ ਧੁਨੀਆਂ ਦੇ ਗਾਇਨ ਕਰਨ ਵਿੱਚ ਆਪ ਨੂੰ ਮੁਹਾਰਤ ਹਾਸਲ ਸੀ। ਆਪ ਦੁਆਰਾ ਗਾਈ ਗਈ ਵਾਰ "ਪੱਗ ਤੇਰੀ ਜਹਾਂਗੀਰ ਦੀ" ਜੋ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਤਖ਼ਤਨਸ਼ੀਨੀ ਸਮੇਂ ਪ੍ਰਸਤੁਤ ਕੀਤੀ ਗਈ, ਸਿੱਖ ਸੰਗਤਾਂ ਵਿੱਚ ਬੇਹੱਦ ਪ੍ਰਸਿੱਧ ਹੋਈ।

**ਭਾਈ ਸੱਦੂ ਤੇ ਭਾਈ ਮੱਦੂ:** ਭਾਈ ਸੱਦੂ ਅਤੇ ਭਾਈ ਮੱਦੂ ਦੋਵੇਂ ਭਰਾ ਸਨ ਅਤੇ ਦਸਵੇਂ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਰਬਾਬੀ ਕੀਰਤਨੀਏ ਸਨ। ਇਹ ਦੋਵੇਂ ਰੋਜ਼ ਸਵੇਰੇ ਦਰਬਾਰ ਵਿੱਚ ਆਸਾ ਦੀ ਵਾਰ ਦਾ ਗਾਇਨ ਕਰਿਆ ਕਰਦੇ ਸਨ। ਇਨ੍ਹਾਂ ਦੋਵੇਂ ਭਾਈਆਂ ਦੀ ਪ੍ਰਸੰਸਾ ਵਿੱਚ ਭਾਈ ਸੰਤੋਖ ਸਿੰਘ ਦੇ ਕਥਨ ਮਿਲਦੇ ਹਨ।

*ਸੱਦੂ ਮੱਦੂ ਆਸਾ ਵਾਰਾ, ਕੀਰਤਨ ਕਰਤੇ ਰਾਗ ਸੁਧਾਰਾ ॥*

*ਸੱਦੂ ਮੱਦੂ ਦੋ ਨਹੀਂ ਭ੍ਰਾਤ, ਗਾਵੇ ਰਾਗ ਸੁਰਨੇ ਕੇ ਗਿਆਤਾ ॥*

(ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ ਪੰਨਾ ੧੫੨)

**ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ:** ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਦਾ ਵਰਣਨ ਸਿੱਖ ਇਤਿਹਾਸ ਦੇ ਇੱਕ ਸੂਰਬੀਰ ਯੋਧੇ ਤੋਂ ਇਲਾਵਾ ਇੱਕ ਕੀਰਤਨੀਏ ਦੇ ਰੂਪ ਵਿੱਚ ਵੀ ਮਿਲਦਾ ਹੈ। ਮਾਨਵ ਇਤਿਹਾਸ ਵਿੱਚ ਕਲਾ, ਕੌਸ਼ਲ ਅਤੇ ਬਹਾਦਰੀ ਦਾ ਸੁਮੇਲ ਵਿਰਲੇ ਅਤੇ ਸੁਭਾਗੇ ਇਨਸਾਨਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਧਰਮਵੀਰ, ਦੰਭਰਹਿਤ, ਦਾਨੀ, ਵੀਰ ਯੋਧੇ ਜੱਸਾ ਸਿੰਘ ਆਹਲੂਵਾਲੀਆ ਦਾ ਜੀਵਨ ਸ਼ਰਧਾ, ਸੁਰ ਸੰਗੀਤ ਭਗਤੀ ਅਤੇ ਸ਼ਕਤੀ ਦੀ ਸੰਮਿਲਤ ਜੋਤ ਸੀ। ਕੀਰਤਨ ਦੀ ਦਾਤ ਮਾਤਾ ਜੀ ਪਾਸੋਂ ਮਿਲੀ। ਪਿਤਾ ਸਰਦਾਰ ਬਹਾਦਰ ਸਿੰਘ (ਬਦਰ ਸਿੰਘ) ਦੇ ਦੇਹਾਂਤ ਤੋਂ ਬਾਅਦ ਆਪ ਮਾਤਾ ਸੁੰਦਰੀ ਜੀ ਕੋਲ ਦਿੱਲੀ ਵਿਖੇ ਹੀ

ਕੀਰਤਨ ਦੀ ਸੇਵਾ ਨਿਭਾਉਂਦੇ ਰਹੇ।

ਬਾਬਾ ਸ਼ਾਮ ਸਿੰਘ ਜੀ: ਬ੍ਰਹਮ ਗਿਆਨੀ, ਸੰਤ ਆਤਮਾ, ਪੂਰਣ ਸਿੱਖ, ਭਜਨ ਪ੍ਰਤਾਪ ਦੇ ਪੁੰਜ ਅਤੇ ਦਿਆਲਤਾ ਦੀ ਮੂਰਤ ਸੰਤ ਬਾਬਾ ਸ਼ਾਮ ਸਿੰਘ ਜੀ ਗੁਰੂ ਘਰ ਦੇ ਨਿਸ਼ਕਾਮ ਸੇਵਕ ਸਨ ਜਿਨ੍ਹਾਂ ਨੇ 90 ਵਰ੍ਹਿਆਂ ਤਕ ਸੇਵਾ, ਸਿਮਰਨ ਤੇ ਕੀਰਤਨ ਨਾਲ ਗੁਰੂ ਘਰ ਦੀ ਸੇਵਾ ਕਰਕੇ ਹਰਿ ਜਸ ਦਾ ਨਾਮਣਾ ਖੱਟਿਆ। ਬਾਬਾ ਜੀ ਹਰਿਮੰਦਰ ਸਾਹਿਬ ਵਿਖੇ ਤਿੰਨ ਪਹਿਰੇ ਦੀ ਚੌਕੀ ਸਰੰਦਾ ਵਾਦਨ ਦੇ ਨਾਲ ਲਾਉਂਦੇ ਸਨ। ਸ਼ਬਦ ਕੀਰਤਨ ਕਰਦਿਆਂ ਰਾਗ ਰੂਪ ਦੀਸੰਪੂਰਣ ਅਭਿਵਿਅਕਤੀ ਅਤੇ ਪ੍ਰਸਤੁਤ ਸ਼ਬਦ ਨਾਲ ਇਕ ਮਿਕ ਹੋ ਜਾਣਾ ਬਾਬਾ ਸ਼ਾਮ ਸਿੰਘ ਜੀ ਦੀ ਗਾਇਕੀ ਦੀ ਵਿਸ਼ੇਸ਼ਤਾ ਸੀ। ਇਨ੍ਹਾਂ ਦਾ ਜੀਵਨ ਮਾਰਗ ਕੇਵਲ ਸਿੱਖ ਪੰਥ ਦਾ ਹੀ ਨਹੀਂ, ਸਮੁੱਚੀ ਮਾਨਵ ਜਾਤੀ ਦਾ ਮਾਰਗ ਦਰਸ਼ਨ ਕਰਦਾ ਰਹੇਗਾ।

ਭਾਈ ਮਣਸ਼ਾ ਸਿੰਘ ਜੀ: ਤਿਆਗ ਦੀ ਮੂਰਤ, ਮਾਇਆ ਮੋਹ ਤੋਂ ਬੇਲਾਗ ਅਤੇ ਸਾਦਗੀ ਦੀ ਅਪੂਰਵ ਮਿਸਾਲ ਭਾਈ ਮਣਸ਼ਾ ਸਿੰਘ ਜੀ ਗੁਰੂ ਘਰ ਦੇ ਇਕ ਅਜਿਹੇ ਆਦਰਸ਼ ਕੀਰਤਨੀਏ ਸਨ ਜਿਨ੍ਹਾਂ ਨੇ ਸੰਪੂਰਨ ਜੀਵਨ ਹਰਿਮੰਦਰ ਸਾਹਿਬ ਵਿਖੇ ਕੀਰਤਨ ਸੇਵਾ ਦੇ ਲੇਖੇ ਲਾਇਆ। ਆਪ ਆਪਣਾ ਜੀਵਨ ਨਿਰਵਾਹ ਸੰਗਤਾਂ ਵਲੋਂ ਪ੍ਰਸਾਦ ਰੂਪ ਵਿੱਚ ਮਿਲੇ ਤਿਲਫੁੱਲ ਨਾਲ ਹੀ ਕਰਦੇ ਸਨ ਅਤੇ ਗੁਰੂ ਦੇ ਦਰ ਤੋਂ ਇਲਾਵਾ ਕਿਸੇ ਹੋਰ ਸਥਾਨ ਤੋਂ ਮਾਇਆ ਲੈਣਾ ਪਾਪ ਸਮਝਦੇ ਸਨ। ਕਹਿੰਦੇ ਹਨ ਕਿ ਮਾਇਕ ਔਕੜਾਂ ਇਕ ਦਿਨ ਖਾਲਸਾਈ ਮਹਾਰਾਜਾ ਅਤੇ ਕੀਰਤਨ ਦੇ ਮਹਾਨ ਕਦਰਦਾਨ ਰਣਜੀਤ ਸਿੰਘ ਆਪ ਦੇ ਘਰ ਆਪ ਨੂੰ ਭੇਟਾ ਦੇਣ ਆਇਆ ਤਾਂ ਆਪ ਨੇ ਮਹਾਰਾਜੇ ਨੂੰ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਗੁਰੂ ਘਰ ਤੋਂ ਸਿਵਾਇ ਹੋਰ ਥਾਂ ਹੱਥ ਅੱਡਣਾ ਗੁਰਮਤਿ ਸਿਧਾਂਤਾਂ ਦੇ ਉਲਟ ਹੈ। ਇਸ ਘਟਨਾ ਨਾਲ ਇਸ ਮਹਾਨ ਕੀਰਤਨੀਏ ਦਾ ਜੀਵਨ ਗੁਰੂ ਦੀ ਅਪਾਰ ਕਿਰਪਾ ਸਦਕਾ ਸਿੱਖ ਇਤਿਹਾਸ ਵਿੱਚ ਇੱਕ ਆਦਰਸ਼ ਰੂਪ ਵਿੱਚ ਸਥਾਪਤ ਹੋਇਆ।

ਭਾਈ ਹੀਰਾ ਸਿੰਘ ਜੀ: 1879 ਵਿੱਚ ਜਨਮੇ ਭਾਈ ਹੀਰਾ ਸਿੰਘ ਉੱਚ ਕੋਟੀ ਦੇ ਕੀਰਤਨੀਏ ਸਨ ਜਿਨ੍ਹਾਂ ਨੇ ਆਪਣਾ ਸੰਪੂਰਣ ਜੀਵਨ ਕੀਰਤਨ ਦੀ ਉੱਚ ਮਰਿਆਦਾ ਨੂੰ ਸਮਰਪਿਤ ਕੀਤਾ। ਰਾਗ, ਰੰਗ ਅਤੇ ਵੈਰਾਗ ਦੇ ਪੁੰਜ ਭਾਈ ਹੀਰਾ ਸਿੰਘ ਪੂਰਣ ਸਿੱਖ ਸਨ, ਨਾਲ ਹੀ ਸ਼ਬਦ ਅਤੇ ਸੰਗੀਤ ਦੇ ਖੇਤਰ ਵਿੱਚ ਗੁਰੂ ਦੀ ਵਿਸ਼ੇਸ਼ ਕਿਰਪਾ ਹਾਸਲ ਸੀ। ਭਾਈ ਸਾਹਿਬ ਦੇ ਵੈਰਾਗਮਈ ਕੀਰਤਨ ਵਿੱਚ ਲੋਕਾਈ ਦੇ ਤਪਦੇ ਹਿਰਦੇ ਸ਼ਾਂਤ ਕਰਕੇ ਆਤਮ ਰੰਗ ਵਿੱਚ ਰੰਗਣ ਦੀ ਸਮਰੱਥਾ ਸੀ। "ਸਰਬਤ ਦਾ ਭਲਾ" ਅਨੁਸਾਰ ਆਪ ਲੋਕ ਸੇਵਾ ਲਈ ਹਮੇਸ਼ਾ ਤਿਆਰ ਰਹਿੰਦੇ ਜਿਸ ਵਿੱਚ ਆਪ ਆਪਣੀ ਕਮਾਈ ਅਤੇ ਕੀਰਤਨ ਭੇਟ ਵੀ ਧਰਮ ਕਾਰਜਾਂ ਵਿੱਚ ਲਗਾ ਦਿੰਦੇ ਸਨ। ਭਾਈ ਹੀਰਾ ਸਿੰਘ ਜੀ ਸੰਬੰਧੀ ਉਪਲਬਧ ਰਚਨਾਵਾਂ, ਐਵਾਰਡ ਅਤੇ ਉਨ੍ਹਾਂ ਦੇ ਸਮਕਾਲੀਆਂ ਦੀਆਂ ਸਮਿਰਤੀਆਂ ਵਿੱਚ ਅੰਕਿਤ ਅਭੁੱਲ ਯਾਦਾਂ ਉਨ੍ਹਾਂ ਨੂੰ ਅਮਰ ਕਰ ਰਹੀਆਂ ਹਨ। ਆਪ ਜੀ ਦਾ ਦੇਹਾਂਤ ਸੰਨ 1926 ਵਿੱਚ ਹੋਇਆ।

ਭਾਈ ਸੰਤਾ ਸਿੰਘ ਜੀ: "ਰਾਗਾਂ ਦੀ ਖਾਣ" ਵਜੋਂ ਜਾਣੇ ਜਾਂਦੇ ਭਾਈ ਸੰਤਾ ਸਿੰਘ ਮਾਹਿਰ ਅਤੇ ਉੱਚ ਕੋਟੀ ਦੇ ਕੀਰਤਨੀਏ ਸਨ ਜਿਨ੍ਹਾਂ ਨੂੰ ਸ਼ਾਸਤਰੀ ਸੰਗੀਤ, ਅਤੇ ਰਾਗ ਵਿੱਦਿਆ ਉਪਰ ਵਿਸ਼ੇਸ਼ ਅਧਿਕਾਰ ਸੀ। ਸੁਰ. ਲੈਅ. ਸ਼ਬਦ, ਅਵਾਜ਼ ਅਤੇ ਰਿਵਾਜ਼ ਵਿੱਚ ਆਪ ਆਪਣੀ ਮਿਸਾਲ ਸਨ। ਤੰਤੀ ਸਾਜਾਂ ਦੇ ਵਾਦਨ ਵਿੱਚ ਵੀ ਆਪ ਪ੍ਰਬੀਣ ਸਨ। ਬਿਹਬਲਤਾ, ਤੜਪ, ਪ੍ਰਭੂ ਮਿਲਨ ਦੀ ਤਾਂਘ ਵਰਗੇ ਭਾਵਾਂ ਦੀ ਸਿਰਜਣਾ ਆਪ ਜੀ ਦੇ ਕੀਰਤਨ ਦਾ ਹਿੱਸਾ ਸਨ ਜੋ ਭਾਈ ਸਾਹਿਬ ਦੇ ਉੱਚ ਸੁਰਾਂ ਦੀ ਪ੍ਰਕਿਰਤੀ ਨਾਲ ਮਿਲ ਕੇ ਦਿਲ-ਖਿੱਚਵਾਂ ਹੋ ਨਿਬੜਦਾ ਸੀ। ਸੋਰਠਿ ਰਾਗ ਨੂੰ ਸ਼ਬਦ ਅਤੇ ਸੰਗੀਤ ਰਾਹੀਂ ਮੂਰਤੀਮਾਨ ਕਰ ਦੇਣ ਦੀ ਕਲਾ ਆਪ ਜੀ ਕੋਲ ਸੀ। 16 ਨਵੰਬਰ, 1966 ਨੂੰ ਆਪ ਜੀ ਨੇ ਦੇਹ ਤਿਆਗ ਦਿੱਤੀ। ਇਨ੍ਹਾਂ ਦੀਆਂ ਕਈ ਦੁਰਲੱਭ ਬੰਦਸ਼ਾਂ, ਅਪ੍ਰਚਲਿਤ ਅਤੇ ਸੰਕੀਰਣ ਰਾਗ ਅਤੇ ਰਾਗ ਮਾਲਾਵਾਂ ਇਨ੍ਹਾਂ ਦੇ ਸ਼ਾਗਿਰਦਾਂ ਦੁਆਰਾ ਹੁਣ ਵੀ ਗਾਈਆਂ ਜਾ ਰਹੀਆਂ ਹਨ।

ਭਾਈ ਸੁਰਜਨ ਸਿੰਘ ਜੀ: ਭਾਈ ਸੁਰਜਨ ਸਿੰਘ (1911-1065) ਇਕ ਸੂਰਮਾ ਸਿੰਘ ਸਨ ਪਰ ਉਨ੍ਹਾਂ ਨੇ ਮਨ ਅੰਤਰ ਵਿੱਚ ਸ਼ਬਦ ਅਤੇ ਸੰਗੀਤ ਦੀ ਪਰਿਜਵਲਿਤ ਜੋਤ ਸਦਕਾ ਕੀਤਰਨ ਦੇ ਖੇਤਰ ਵਿੱਚ ਨਾਮਣਾ ਖੱਟਿਆ। ਆਪ ਜੀ ਦੇ ਕੀਰਤਨ ਵਿੱਚ ਵੈਰਾਗਪੁਣੇ ਦੀ ਧਾਰਾ, ਸੁਰੀਲਾਪਣ ਮਿਠਾਸ ਅਤੇ ਸਾਦਗੀ ਸੀ ਜਿਸ ਵਿਚੋਂ ਸ਼ਬਦ ਦਾ ਅੰਮ੍ਰਿਤ ਡੁੱਲ੍ਹ ਡੁੱਲ੍ਹ ਪੈਂਦਾ ਸੀ। ਗਾਇਨ ਵਿੱਚ ਬਿਹਬਲਤਾ ਅਤੇ ਕਰੁਣਾ ਗੁਣ ਪ੍ਰਧਾਨ ਸੀ ਜੋ ਗੁਰੂ ਨਦਰਿ ਤੋਂ ਬਿਨਾਂ ਸੰਭਵ ਨਹੀਂ। ਆਪ ਜੀ ਦੁਆਰਾ 'ਆਸਾ ਦੀ ਵਾਰ' ਗਾਇਨ ਦਾ ਨਿਵੇਕਲਾ

ਰੰਗ ਅਗੰਮੀ ਰਸ ਦਾ ਸੰਚਾਰ ਕਰਦਾ ਸੀ। ਭਾਈ ਸੁਰਜਨ ਸਿੰਘ ਜੀ ਦੀ ਆਵਾਜ਼ ਵਿੱਚ ਇੰਨਾ ਪ੍ਰਭਾਵ ਸੀ ਕਿ ਪਦਮਸ੍ਰੀ ਗਾਇਕ ਸੋਹਣ ਸਿੰਘ ਜੀ ਨੇ (ਆਗਰਾ ਘਰਾਣਾ) ਆਪਣੀ ਛੋਟੀ ਉਮਰੇ ਆਪ ਜੀ ਦੇ ਸੰਗੀਤ ਤੋਂ ਪ੍ਰੇਰਿਤ ਹੋ ਕੇ ਹਮੇਸ਼ਾ ਲਈ ਸੰਗੀਤ ਕਲਾ ਨੂੰ ਅਪਣਾਇਆ।

**ਮਹੰਤ ਗੱਜਾ ਸਿੰਘ ਜੀ:** ਉੱਚਕੋਟੀ ਦੇ ਸੰਗੀਤ ਵਿਦਵਾਨ ਮਹੰਤ ਗੱਜਾ ਸਿੰਘ ਜੀ ਦਾ ਨਾਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਵੀਣਾ ਵਾਦਨ ਵਿੱਚ ਪਰੰਪਰਾਗਤ ਸਿੱਖਿਆ ਤੋਂ ਬਾਅਦ ਆਪਣੇ ਤਾਊਸ ਵਾਦਨ ਨੂੰ ਅਪਣਾਇਆ। ਵਾਦਨ ਦੇ ਖੇਤਰ ਵਿੱਚ ਵਿਵਹਾਰਕ ਪ੍ਰਬੀਣਤਾ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਸਿਧਾਂਤ, ਤੇ ਵਿਵਹਾਰ ਦਾ ਵਿਸ਼ਲੇਸ਼ਣ ਕਰਨ ਵਿੱਚ ਆਪ ਦੀ ਰੁਚੀ ਵੀ ਸੀ ਤੇ ਵਿਲੱਖਣ ਸੂਝ ਵੀ। ਗੁਰ ਸ਼ਬਦ ਰਤਨਾਕਰ ਮਹਾਨਕੋਸ਼ ਅਤੇ ਹੋਰ ਸਮਕਾਲੀਨ ਗ੍ਰੰਥਾਂ ਵਿੱਚ ਪ੍ਰਾਪਤ ਵਿਚਾਰ ਸਮੱਗਰੀ ਨੂੰ ਮਹੰਤ ਗੱਜਾ ਸਿੰਘ ਜੀ ਦੀ ਪ੍ਰਮਾਣਿਕ ਮੋਹਰ ਪ੍ਰਾਪਤ ਸੀ। ਆਪ ਜੀ ਦੇ ਪ੍ਰਮੁੱਖ ਸ਼ਾਗਿਰਦਾਂ ਵਿੱਚ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ਦਿਲਰੁਬਾ ਵਾਦਕ ਹਰਨਾਮ ਸਿੰਘ ਜੀ ਅਤੇ ਮਹਾਰਾਜਾ ਪਟਿਆਲਾ ਦਾ ਨਾਮ ਸ਼ਾਮਲ ਹੈ।

**ਭਾਈ ਚਾਂਦ ਜੀ:** ਭਾਈ ਚਾਂਦ ਜੀ ਦੇ ਕੀਰਤਨ ਵਿੱਚ ਜਾਦੂਈ ਪ੍ਰਭਾਵ ਸੀ। ਵਿਭਿੰਨ ਗਾਇਨ ਸ਼ੈਲੀਆਂ ਉਪਰ ਸਮਾਨ ਮੁਹਾਰਤ, ਰਾਗਦਾਰੀ ਦੀ ਸੂਖਮ ਸੂਝ ਅਤੇ ਸ਼ਬਦ ਕੀਰਤਨ ਅਦੁੱਤੀ ਰਸ ਸੰਚਾਰ ਆਪ ਜੀ ਦੇ ਗਾਇਨ ਦੀਆਂ ਵਿਸ਼ੇਸ਼ਤਾਵਾਂ ਸਨ। ਪ੍ਰਮਾਣਿਕ ਬੰਦਸ਼ਾਂ ਦਾ ਤਾਂ ਆਪ ਭੰਡਾਰ ਹੀ ਸਨ। ਸ਼ਬਦ ਅਤੇ ਸੰਗੀਤ ਦੇ ਸੁਚੱਜੇ ਸੰਤੁਲਨ ਨਾਲ ਸ਼ਬਦ ਦੇ ਭਾਵ ਸਹਿਜੇ ਹੀ ਮਨ ਅੰਦਰ ਉੱਤਰ ਜਾਂਦੇ ਸਨ। ਸਨ 1947 ਤਕ ਆਪ ਨੇ ਹਰਿਮੰਦਰ ਸਾਹਿਬ ਵਿਖੇ ਗੁਰੂ ਘਰ ਦੀ ਕੀਰਤਨ ਰਾਹੀਂ ਸੇਵਾ ਕੀਤੀ ਅਤੇ 18 ਜੂਨ, 1949 ਨੂੰ ਆਪਣੀ ਧਰਤੀ ਅਤੇ ਕੀਰਤਨ ਤੋਂ ਵਿਛੜ ਕੇ ਗੁਰੂ ਚਰਨਾਂ ਵਿੱਚ ਸਦੀਵੀ ਤੌਰ ਤੇ ਜਾ ਬਿਰਾਜੇ।

**ਭਾਈ ਜਵਾਲਾ ਸਿੰਘ ਜੀ:** ਭਾਈ ਜਵਾਲਾ ਸਿੰਘ ਦਾ ਘਰਾਣਾ ਪਿਛਲੀਆਂ 11 ਪੀੜ੍ਹੀਆਂ ਤੋਂ ਪ੍ਰਤੱਖ ਅਤੇ ਪ੍ਰਮਾਣਿਕ ਰੂਪ ਵਿੱਚ ਸ਼ਬਦ ਕੀਰਤਨ ਦੀ ਪਰੰਪਰਾ ਰਾਹੀਂ ਗੁਰੂ ਘਰ ਨਾਲ ਜੁੜਿਆ ਰਿਹਾ ਹੈ ਅਤੇ ਗੁਰੂ ਦਾਤਿ ਸਰੂਪ ਵਿਦਿਆ ਨੂੰ ਸਦੀਆਂ ਤਕ ਸੁਰੱਖਿਅਤ ਰਖਦਿਆਂ ਇਸ ਦੇ ਪ੍ਰਚਾਰ ਵਿੱਚ ਸੰਲਗਨ ਹੈ। ਅਧਿਆਤਮ ਵਿਚਾਰਧਾਰਾ ਦੇ ਮਾਲਕ ਅਤੇ ਨਿਤਨੇਮੀ ਭਾਈ ਜਵਾਲਾ ਸਿੰਘ ਨੇ ਕੀਰਤਨ ਦੀ ਸੇਵਾ ਕਰਦਿਆਂ ਹੀ ਸਿੰਘ ਸਭਾ ਲਹਿਰ ਅਤੇ ਕੌਮ ਵਲੋਂ ਅਰੰਭੇ ਅਨੇਕਾਂ ਮੋਰਚਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਕੈਦ ਵੀ ਕੱਟੀ। ਆਪ ਜੀ ਕਿਹਾ ਕਰਦੇ ਸਨ ਕਿ ਸੁਰ ਤਾਲ ਦਾ ਪੂਰਾ ਗਿਆਨ, ਅਭਿਆਸ ਗੁਰਬਾਣੀ ਦੇ ਸ਼ਬਦ ਦਾ ਅਰਥ ਬੋਧ ਤੇ ਫਿਰ ਬਾਣੀ ਦਾ ਪਾਠ ਜਾਂ ਮੂਲ ਮੰਤਰ ਮਨ ਟਿਕਾ ਕੇ ਕਰਨਾ ਹੀ ਕੀਰਤਨ ਹੈ ਤੇ ਸਤਿਗੁਰੂ ਨੇ ਹੀ ਭਗਤੀ ਦਾ ਦਰਜਾ ਦਿੱਤਾ ਹੈ। ਲਗਾਤਾਰ 60 ਵਰ੍ਹੇ ਕੀਰਤਨ ਸੇਵਾ ਕਰਨ ਉਪਰੰਤ ਆਪ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਆਪ ਜੀ ਦੀਆਂ ਸ਼ਬਦ ਰੀਤਾਂ ਵਰਤਮਾਨ ਵਿੱਚ ਆਪ ਜੀ ਦੇ ਰਾਗੀ ਸਪੁੱਤਰ ਭਾਈ ਅਵਤਾਰ ਸਿੰਘ ਜੀ ਅਤੇ ਭਾਈ ਗੁਰਚਰਨ ਸਿੰਘ ਜੀ ਪਾਸ ਮੌਜੂਦ ਹਨ ਜੋ ਪਿਛਲੇ 50 ਸਾਲ ਤੋਂ ਗੁਰ-ਸ਼ਬਦ-ਕੀਰਤਨ ਅਤੇ ਪ੍ਰਚਾਰ ਦੀ ਸੇਵਾ ਨਿਭਾ ਰਹੇ ਹਨ।

**ਭਾਈ ਸਮੁੰਦ ਸਿੰਘ ਜੀ:** ਰਾਗਦਾਰੀ ਦੀ ਵਿਲੱਖਣ ਸੂਝ ਅਤੇ ਸ਼ਬਦ ਦੀ ਇਲਾਹੀ ਬਖਸ਼ਿਸ਼ ਨਾਲ ਵਰਸੋਏ ਭਾਈ ਸਮੁੰਦਰ ਸਿੰਘ ਜੀ ਗੁਰਮਤਿ ਸੰਗੀਤ ਦੀ ਪ੍ਰਸਿੱਧ ਹਸਤੀ ਸਨ ਜੋ ਸੰਗੀਤਕ ਸੁਰਾਂ ਦੇ ਜਾਦੂ ਨਾਲ ਸ਼ਬਦ ਦੇ ਵਿੱਚ ਨਿਹਿਤ ਭਾਵ ਨੂੰ ਸਰੋਤਿਆਂ ਦੇ ਮਨ ਵਿੱਚ ਪ੍ਰਵਾਹਿਤ ਕਰਨ ਦੇ ਸਮਰਥ ਸਨ। ਭਾਈ ਸਾਹਿਬ ਦੀਆਂ ਉਪਲਬਧ ਰਿਕਾਰਡਿੰਗਜ਼ ਤੋਂ ਪਤਾ ਚਲਦਾ ਹੈ ਕਿ ਆਪ ਉੱਚ ਕੋਟੀ ਦੇ ਗਵੱਈਏ ਸਨ ਅਤੇ ਰਾਗ ਸੰਗੀਤ ਦੇ ਸੁੰਦਰ ਸੁਮੇਲ ਨਾਲ ਸ਼ਬਦ ਰੂਪ ਨੂੰ ਮੂਰਤੀਮਾਨ ਕਰ ਕੇਣ ਦੀ ਵਿਲੱਖਣ ਮਿਸਾਲ ਸਨ। ਜਨਵਰੀ 1972 ਵਿੱਚ ਕੀਰਤਨ ਦੀ ਸੇਵਾ ਕਰਦੇ ਹੀ ਆਪ ਇਸ ਸੰਸਾਰ ਨੂੰ ਤਿਆਗ ਗਏ। ■


ਤਿੰਨ ਅਨਮੋਲ ਪੁਸਤਕਾਂ

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ - ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15 ਏ, ਚੰਡੀਗੜ੍ਹ

# Anand & Anand Associates
(Liaison Officers)

196, Sectro: 18-A, Chandigarh-160 018 India Ph: 91-172-774196

**Welcome to India**

*Your travel experience begins with the first call you make to us.*

*Dear Friends*

We congratulate and salute you for keeping intact and cherishing your wholesome roots in the Motherland, despite being so successful and so far away and pre-occupied for such a long period.

Over the years, yours Motherland being a developing country has undergone tremendous changes. There is a marked progress in the realms of social, cultural & economic life of the people when compared with the state of affairs prevalent when you left it. Sometimes India of your dreams can not reconcile with the ground realities, thus causing you some annoyance, especially in the evening of your life. To overcome such an unpleasant situation and to provide one-roof solution for all your requirements in India, we are pleased to introduce our selves, 'M/s Anand & Anand Associates' a pioneering liaisoning company having Regd. office in Chandigarh. (U.T.) India

**A Brief Profile of promoter Director**

NAME :- B.S. ANAND

Retired as Liaison Officer of State Bank of India after serving for 26 years as a Liaison Officer. AGE : 60 Yrs.

FAMILY BACKGROUND: A scion of the family of Rai Bahadur Kabul Singh Anand of Quetta (now in Pakistan)

**AREA OF INTER-ACTIVITIES UNDER TAKEN :** We under take following activities on your behalf

**CO-ORDINATING VISITS:** Receiving & Seeing off at Airport, Railway Station & Seaport. When a person is over Fifty or Sixty, he desires that he should be received and seen-off comfortably by a protocol officer with a smiling face.



**STAY ARRANGEMENTS:** All the visitors like to stay comfortably according to their means and status in hotels or homely guest houses.



**TRANSPORT/TRAVEL:** Transport at Airport/Railway Station throughout stay in India and luxury Air-conditioned cars chauffeur - driven and with security guards.



**APPOINTMENTS:** Your Appointments with VIP's, Sr. Executives, Business Magnates, Govt. High - ups, Religious Leaders and local Residents, Advocates and Industrial Concerns are arranged.





**MEETINGS:** Meeting with relatives, friends, family friends and old associates at any appropriate place as per desire.

**PROPERTY:** Management of property / Rental / Renovation / New Constructions through Bank Loans, hiring & rehiring with proper Authority at any place in India is also taken care of.





**MARRIAGE:** Arrangements for Matrimonial, Marriage, Marriage Palaces, Catering, Stay Arrangements, Transport, Security arrangements including all religious arrangements regarding marriage (Tailoring & Dry-cleaning on such occasion also covered), Music etc.

**HEALTH:** If you are on tour in India and by chance you fall ill, someone should be there to arrange medical facilities and appointment with renowned Doctors and holy persons for blessing. Company has proper connections with such people.



**RELIGIOUS MATTER:** Akhand Path Arambh at any place :




Amritsar, Anandpur Sahib, Paonta Sahib, Hemkund Sahib, Nadda Sahib

**Hawan Arrangements at:**

Haridwar, Rishikesh, Badri Nath etc.

**Arrangement for Jal Parwah of sacred ashes of Friends & Relatives at:**

Haridwar, Kiratpur Sahib, Beas, Triveni

**LEGAL:** Any Legal cases regarding property / personal business etc. are also taken care of as the company has proper channel of Solicitors/Sr. Advocates dealing in Lower Courts/High Courts/Supreme Court.



With warm regards

*B. S. Anand,*

Liaison Officer

# ਸੀਸ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ

ਡਾ. ਮੇਵਾ ਸਿੰਘ ਸਿੱਧੂ*

ਸਿੱਖ ਧਰਮ ਦਰਸ਼ਨ ਦੇ ਅਧਾਰਾਂ ਵਿੱਚ ਸੇਵਾ ਇਕ ਉਚ ਅਸਥਾਨ ਦੀ ਧਾਰਨੀ ਹੈ ਤੇ ਇਹ ਨੈਤਿਕ ਕੀਮਤਾਂ ਵਜੋਂ ਪ੍ਰਥਮ ਸਵੀਕਾਰੀ ਗਈ ਹੈ ਅਤੇ ਅਧਿਆਤਮਕ ਸਾਧਨਾ, ਭਗਤੀ ਅਤੇ ਪੁੰਜ ਕਰਮ ਨੂੰ ਵੀ ਸਿੱਖ ਧਰਮ ਦਰਸ਼ਨ ਵਿਚ ਹੀ ਸਮਿਲਤ ਕਰਕੇ ਇਸਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਕਿਉਂਕਿ ਨੈਤਿਕ ਜੀਵਨ ਦਾ ਅਧਾਰ ਪਰਉਪਕਾਰ ਹੈ ਜਿਹੜਾ ਸਮੇਂ, ਸਥਾਨ ਅਤੇ ਅਭਿਲਾਖੀ ਦੀ ਲੋੜ ਅਨੁਸਾਰ ਸੇਵਾ ਦੇ ਰੂਪ ਵਿਚ ਅਮਲ ਵਿਚ ਲਿਆਂਦਾ ਜਾ ਸਕਦਾ ਹੈ। ਗੁਰਮਤਿ ਅਨੁਸਾਰ ਅਧਿਆਤਮਕ ਜੀਵਨ ਵਿਚਲੇ ਨੈਤਿਕ ਅਮਲ ਨੂੰ ਵਧੇਰੇ ਮਹੱਤਵ ਪਰਾਪਤ ਹੈ ਪਰ ਇਸਦੀ ਉਤਮਤਾ ਦੀ ਸੰਪੂਰਨਤਾ ਸ਼ੁਭ ਅਮਲਾਂ ਸਦਕਾ ਹੀ ਸੰਭਵ ਮੰਨੀ ਗਈ ਹੈ। ਜਪੁਜੀ ਵਿਚ ਸਪੱਸ਼ਟ ਕੀਤਾ ਗਿਆ ਹੈ:

**ਵਿਣੁ ਗੁਣ ਕੀਤੇ ਭਗਤਿ ਨ ਹੋਇ।**

ਗੁਰਬਾਣੀ ਦਾ ਇਹ ਵੀ ਫੁਰਮਾਨ ਹੈ ਕਿ ਗੁਰੂ ਦੀ ਸੇਵਾ ਤੋਂ ਬਿਨਾਂ ਨਾ ਤਾਂ ਭਗਤੀ ਹੁੰਦੀ ਹੈ ਅਤੇ ਨਾ ਹੀ ਜੀਵ ਨੂੰ ਆਪੇ ਦੀ ਪਹਿਚਾਣ ਹੀ ਹੁੰਦੀ ਹੈ।

**ਗੁਰ ਸੇਵਾ ਬਿਨੁ ਭਗਤਿ ਨ ਹੋਵੀ**
**ਕਿਉ ਕਰਿ ਚੀਨਸਿ ਆਪੇ।**

ਪੰਨਾ-1013

ਭਾਈ ਗੁਰਦਾਸ ਜੀ ਤਾਂ ਇਥੋਂ ਤਕ ਆਖਦੇ ਹਨ ਕਿ ਸੇਵਾ ਤੋਂ ਬਿਨਾਂ ਹੱਥ ਪੈਰ ਧ੍ਰਿਗ ਹਨ ਤੇ ਮਨੁੱਖ ਦੇ ਸਾਰੇ ਕਾਰਜ ਨਿਹਫਲ ਹਨ:

**ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਨੀ**

ਵਾਰ 27/ਪਉੜੀ 8

ਇਹੋ ਕਾਰਨ ਹੈ ਕਿ ਸੇਵਾ ਨੂੰ ਨੈਤਿਕ ਗੁਣਾਂ ਵਿਚੋਂ ਸਭ ਤੋਂ ਉਤਮ ਅਤੇ ਸਭ ਪ੍ਰਕਾਰ ਦੀਆਂ ਕਰਨੀਆਂ ਦੇ ਸਾਰ ਤੱਤ ਵਜੋਂ ਸਵੀਕਾਰਿਆ ਗਿਆ ਹੈ। ਸੇਵਾ ਤੋਂ ਵਿਹੂਣੇ ਵਿਅਕਤੀ ਨੂੰ ਫਲ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸੇਵਾ ਤੋਂ ਬਿਨਾਂ ਸਭ ਪ੍ਰਕਾਰ ਦੇ ਭੇਖ ਬੇਅਰਥ ਹਨ।

**ਜੰਗਮ ਜੋਧ ਜਤੀ ਸੰਨਿਆਸੀ**
**ਗੁਰਿ ਮੈ ਪੂਰੇ ਵੀਚਾਰੀ॥**
**ਬਿਨ ਸੇਵਾ ਫਲੁ ਕਬਹੁ ਨ ਪਾਵਸਿ**
**ਸੇਵਾ ਕਰਣੀ ਸਾਰੀ॥**

ਪੰਨਾ-992

ਆਮ ਕਰਕੇ ਧਰਮ ਗ੍ਰੰਥਾਂ ਵਿਚ ਤਨ, ਮਨ ਤੇ ਧਨ ਦੀ ਸੇਵਾ ਦਾ ਜ਼ਿਕਰ ਕੀਤਾ ਗਿਆ ਮਿਲਦਾ ਹੈ ਪਰ ਗੁਰਬਾਣੀ ਵਿਚ ਤਨ, ਮਨ ਤੇ ਸੁਰਤ ਦੀ ਸੇਵਾ ਅਥਵਾ ਚਾਰ ਪ੍ਰਕਾਰ ਦੀ ਸੇਵਾ ਦਾ ਉਲੇਖ ਮਿਲਦਾ ਹੈ ਜਿਹਨਾਂ ਵਿਚੋਂ ਸੁਰਤ ਦੀ ਸੇਵਾ ਦਾ ਮਹੱਤਵ ਸਭ ਤੋਂ ਵਧ ਦਰਸਾਇਆ ਗਿਆ ਹੈ। ਚਾਰ ਪ੍ਰਕਾਰ ਦੀ ਸੇਵਾ ਨੂੰ ਨਿਮਨ ਅਨੁਸਾਰ ਵੇਖਿਆ ਪਰਖਿਆ ਤੇ ਅਨੁਭਵ ਕੀਤਾ ਜਾ ਸਕਦਾ ਹੈ :

*ਤਨ ਦੀ ਸੇਵਾ :* ਤਨ ਦੀ ਸੇਵਾ ਦਾ ਜ਼ਿਕਰ ਕਰਦਿਆਂ ਗੁਰੂ ਅਮਰ ਦਾਸ ਜੀ ਹਾਥੀ ਦੇ ਸਿਰ ਅੰਕਸ਼ ਦੀ ਉਦਾਹਰਣ ਨਾਲ ਸੇਵਾ ਦੇ ਮਹੱਤਵ ਨੂੰ ਸਮਝਾਉਂਦੇ ਹਨ।

**ਹਸਤੀ ਸਿਰਿ ਜਿਉ ਅੰਕਸੁ ਹੈ**
**ਅਹਰਣਿ ਜਿਉ ਸਿਰੁ ਦੇਇ॥**
**ਮਨੁ ਤਨੁ ਆਗੈ ਰਾਖਿ ਕੈ**
**ਊਭੀ ਸੇਵ ਕਰੇਇ॥**

ਪੰਨਾ-647

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਹੇ ਮਾਲਕ, ਮੈਂ ਹੱਥਾਂ ਨਾਲ ਹੀ ਨਹੀਂ ਸਗੋਂ ਅੱਖਾਂ ਨਾਲ ਸਾਧੂ ਜਨਾ ਦੀ ਸੇਵਾ ਕਰਾਂ ਅਤੇ ਕੇਸਾਂ ਨਾਲ ਉਨ੍ਹਾਂ ਦੇ ਚਰਨ ਝਾੜਾਂ ਤਾਂ ਕਿ ਮੈਨੂੰ ਅੱਠੇ ਪਹਿਰ ਸੰਤਾਂ ਦੇ ਦਰਸ਼ਨ ਨਸੀਬ ਹੁੰਦੇ ਰਹਿਣ ਅਤੇ ਆਪਣੇ ਕੇਸਾਂ ਦਾ ਬੀਜਨਾ ਬਣਾ ਕੇ ਸੰਤਾਂ ਨੂੰ ਚੌਰ ਕਰਾਂ ਅਤੇ ਉਨ੍ਹਾਂ ਦੇ ਚਰਨਾਂ ਹੇਠ ਆਪਣਾ ਸੀਸ ਰਖ ਕੇ ਉਨ੍ਹਾਂ ਦੀ ਧੂੜ ਮੁਖ ਤੇ ਲਾਵਾਂ।

**ਨੈਨਹੁ ਸੰਗਿ ਸੰਤਨ ਕੀ ਸੇਵਾ**
**ਚਰਨ ਝਾਰੀ ਕੇਸਾਇਓ॥**
**ਆਠ ਪਹਰ ਦਰਸਨੁ ਸੰਤਨ ਕਾ ਸੁਖੁ**
**ਨਾਨਕ ਇਹੁ ਪਾਇਓ॥**

ਪੰਨਾ-1217

**ਤਥਾ**

**ਕੇਸਾਂ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ॥**
**ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ॥**

ਪੰਨਾ-745

ਗੁਰੂ ਅਰਜਨ ਦੇਵ ਜੀ ਤਨ ਦੀ ਸੇਵਾ ਸਬੰਧੀ ਏਥੋਂ ਤਕ ਸਪਸ਼ਟ ਕਰਦੇ ਹਨ ਕਿ ਜੇਕਰ ਮੈਨੂੰ ਉਸ ਪਿਆਰੇ

* 1470, ਗਲੀ ਨੰਬਰ 14, ਗੁਰਬਖਸ਼ ਕਲੋਨੀ, ਪਟਿਆਲਾ

ਦੇ ਦਾਸਾਂ ਦੇ ਦਰਸ਼ਨ ਹੋ ਜਾਣ ਤਾਂ ਮੈਂ ਉਨ੍ਹਾਂ ਦੇ ਦਰ ਤੇ ਪੁਜ ਕੇ ਪਾਣੀ ਢੋਣ, ਪੱਖਾ ਝੱਲਣ ਤੇ ਚੱਕੀ ਪੀਸਣ ਦੀ ਸੇਵਾ ਕਰਾਂ।

**ਪਖਾ ਫੇਰੀ ਪਾਣੀ ਢੋਵਾ**
**ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥**
**ਨਾਨਕ ਕੀ ਪ੍ਰਭ ਪਾਸਿ ਬੇਨੰਤੀ**
**ਤੇਰੇ ਜਨ ਦੇਖਣੁ ਪਾਵਾ॥**

ਪੰਨਾ-749

ਗੁਰਮਤਿ ਅਨੁਸਾਰ ਗੁਰੂ ਦੀ ਸੇਵਾ ਸਰਬ ਸ਼੍ਰੇਸ਼ਠ ਹੈ ਕਿਉਂਕਿ ਸਿਖ ਦੇ ਅੰਦਰ ਗੁਰੂ ਦੀ ਅਲੌਕਿਕ ਖਿਚ ਹੁੰਦੀ ਹੈ ਜਿਸ ਕਰਕੇ ਉਹ ਬਰਫ ਪੈਂਦੀ ਵਿਚ ਵੀ ਗੁਰੂ ਦਰਸ਼ਨਾ ਲਈ ਪੁਜਦਾ ਹੈ ਅਤੇ ਗੁਰੂ ਦਰਸ਼ਨਾਂ ਦੀ ਪ੍ਰਾਪਤੀ ਸਦਕਾ ਉਹ ਗੁਰੂ ਚਰਨਾਂ ਦੀ ਛੋਹ ਦਿਨ ਰਾਤ ਆਪਣੇ ਨੇਤਰਾਂ ਵਿਚ ਅਨੁਭਵ ਕਰਦਾ ਹੈ।

**ਪਾਲਾ ਕਕਰੁ ਵਰਫਤ ਵਰਸੈ**
**ਗੁਰਸਿਖ ਗੁਰ ਦੇਖਣ ਜਾਈ॥**
**ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ**
**ਅਖੀ ਗੁਰ ਪੈਰ ਧਰਾਈ॥**

ਪੰਨਾ-757

ਤਥਾ

**ਝਖੜ ਝਾਂਜੀ ਮੀਂਹ ਵਰਸੈ ਭੀ**
**ਗੁਰ ਦੇਖਣ ਜਾਈ॥**

ਬਾਬਾ ਫਰੀਦ ਜੀ ਪਿਆਰੇ ਦੇ ਨਿਹੁੰ ਦੀ ਖਾਤਰ ਫੁਰਮਾਉਂਦੇ ਹਨ।

**ਭਿਜਉ ਸਿਜਉ ਕੰਬਲੀ ਅਲਾਹ ਵਰਸਉ ਮੇਹੁ॥**
**ਜਾਇ ਮਿਲਾਂ ਤਿਨਾ ਸਜਣਾ ਤੁਟਉ ਨਾਹੀਂ ਨੇਹੁ॥**

ਪੰਨਾ-1379

ਗੁਰੂ ਦੇ ਦਰਸ਼ਨਾਂ ਅਤੇ ਗੁਰੂ ਦੇ ਸਿਖਾਂ ਦੇ ਦਰ ਦੀ ਪਾਣੀ, ਪੱਖਾ ਤੇ ਚੱਕੀ ਪੀਹਣ ਦੀ ਤਨ ਦੀ ਸੇਵਾ ਨਾਲ ਖੁਸ਼ੀ ਦਾ ਜਿਹੜਾ ਅਨੁਭਵ ਇਕ ਸੱਚੇ ਸੇਵਕ ਨੂੰ ਹੁੰਦਾ ਹੈ ਉਸ ਸਾਹਮਣੇ ਦੁਨੀਆਂ ਦੇ ਰਾਜ ਭਾਗ, ਵੱਡੀਆਂ ਵੱਡੀਆਂ ਮਲਕੀਅਤਾਂ ਅਤੇ ਸਰਦਾਰੀਆਂ ਤੁਛ ਜਾਂਦੀਆਂ ਹਨ।

**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥**
**ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥**

ਪੰਨਾ-811

*ਮਨ ਦੀ ਸੇਵਾ* : ਗੁਰੂ ਦੀ ਸੇਵਾ ਉਹ ਹੀ ਸਫਲ ਆਖੀ ਜਾ ਸਕਦੀ ਹੈ ਜੋ ਚਿਤ ਲਾ ਕੇ ਕੀਤੀ ਜਾਵੇ ਕਿਉਂਕਿ ਮਨ ਕਰਕੇ ਕੀਤੀ ਸੇਵਾ ਸਦਕਾ ਇਕਾਗਰਤਾ ਪੈਦਾ ਹੁੰਦੀ ਹੈ ਤੇ ਨਾਮ ਜਗਿਆਸੂ ਦੇ ਅੰਦਰ ਪ੍ਰਗਟ ਹੋ ਆਇਗਾ। ਇਉਂ ਅਚਿੰਤ ਹੀ ਮਾਲਕ ਦਾ ਵਾਸਾ ਸਾਡੇ ਅੰਦਰ ਹੋ ਜਾਵੇਗਾ।

**ਸਤਿਗੁਰ ਕੀ ਸੇਵਾ ਸਫਲ ਹੈ**
**ਜੇ ਕੋ ਕਰੇ ਚਿਤੁ ਲਾਇ।**
**ਨਾਮ ਪਦਾਰਥੁ ਪਾਈਐ**
**ਅਚਿੰਤ ਵਸੈ ਮਨਿ ਆਇ॥**

ਪੰਨਾ-552

*ਧਨ ਦੀ ਸੇਵਾ* : ਇਨਸਾਨ ਕੋਲ ਤਨ ਮਨ ਅਤੇ ਰੂਹ ਜਾਂ ਸੁਰਤ ਹੈ। ਤਨ ਦੇ ਨਾਲ ਹੀ ਤਨ ਦੇ ਸਾਰੇ ਸਾਮਾਨ ਧਨ ਆਦਿ ਆ ਜਾਂਦੇ ਹਨ ਪਰ ਇਸ ਤਰ੍ਹਾਂ ਤਨ ਕਰਕੇ ਤਨ ਤੇ ਧਨ ਦੀ ਸੇਵਾ, ਮਨ ਕਰਕੇ ਮਨ ਦੀ ਸੇਵਾ ਕਰਨੀ ਜ਼ਰੂਰੀ ਹੈ ਕਿਉਂਕਿ ਇਹ ਤਿੰਨੋ ਮਿਲ ਕੇ ਜ਼ਿੰਦਗੀ ਦਾ ਅਸਾਸਾ ਬਣਾਉਂਦੇ ਹਨ ਜਿਸਦੇ ਅਧਾਰ ਤੇ ਮਨੁੱਖੀ ਵਿਅਕਤੀਤਵ ਉਸਰਦਾ ਹੈ। ਇਨ੍ਹਾਂ ਤਿੰਨਾਂ ਦੇ ਗੁਰੂ ਉਪਰ ਕੁਰਬਾਨ ਕਰਨ ਨਾਲ ਉਹ ਪ੍ਰਭੂ ਪਿਆਰਾ ਸੁਰਤ ਦਾ ਗਿਆਨ ਬਖਸ਼ਦਾ ਹੈ।

**ਤਨੁ ਮਨੁ ਧਨੁ ਸਭੁ ਸਉਪਿ**
**ਗੁਰ ਕਉ ਹੁਕਮਿ ਮੰਨਿਐ ਪਾਈਐ।**

ਪੰਨਾ-918

ਉਸ ਅੰਦਰੋਂ ਮਾਇਆ ਦਾ ਮੋਹ ਖਤਮ ਹੋ ਜਾਂਦਾ ਹੈ ਤੇ ਉਹ ਸਭ ਕੁਝ ਗੁਰੂ ਦੇ ਅਰਪਨ ਕਰਨ ਲਈ ਤਤਪਰ ਹੁੰਦਿਆਂ ਕਹਿ ਉਠਦਾ ਹੈ।

**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥**

ਪੰਨਾ-1375

*ਸੁਰਤ ਦੀ ਸੇਵਾ* : ਜਦੋਂ ਜੀਵ ਤਨ, ਮਨ ਤੇ ਧਨ ਦੀ ਸੇਵਾ ਕਰਦਿਆਂ ਸਤਿਗੁਰੂ ਦੀ ਸੇਵਾ ਵਿਚ ਲੀਨ ਹੋ ਜਾਂਦਾ ਹੈ ਤਾਂ ਗੁਰੂ ਕਿਰਪਾ ਸਦਕਾ ਉਸਦੇ ਅੰਦਰੋਂ ਹਉਮੈ ਮਰ ਜਾਂਦੀ ਹੈ ਤੇ ਅੰਦਰ ਜਪ ਤਪ ਤੇ ਸੰਜਮ ਪੈਦਾ ਹੋ ਜਾਂਦੇ ਹਨ ਤੇ ਉਹ ਸਦਾ ਗੁਰੂ ਦੇ ਭਾਣੇ ਵਿਚ ਵਿਚਰਦਿਆਂ ਪ੍ਰਭੂ ਦੀ ਰਜ਼ਾ ਅਨੁਸਾਰ ਚਲਣਾ ਕਰਤਵ ਸਮਝ ਲੈਂਦਾ ਹੈ।

**ਜਪੁ ਤਪੁ ਸੰਜਮੁ ਭਾਣਾ**

ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ॥
ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ॥

ਪੰਨਾ-1246

ਸਤਿਗੁਰੂ ਦੀ ਸੇਵਾ ਹਰੇਕ ਜੀਵ ਆਪੋ ਆਪਣੀ ਸਮਰਥਾ ਤੇ ਆਪੋ ਆਪਣੇ ਢੰਗ ਨਾਲ ਕਰਦਾ ਹੈ। ਭਾਰਤੀ ਧਰਮ ਦਰਸ਼ਨ ਵਿਚ ਵੀ ਨਿਸ਼ਕਾਮ ਸੇਵਾ ਦੇ ਸੰਕਲਪ ਦਾ ਅਨੁਮਾਨ ਲਗਦਾ ਹੈ। ਜਦੋਂ ਕ੍ਰਿਸ਼ਨ ਜੀ ਅਰਜਨ ਨੂੰ ਨਿਸ਼ਕਾਮ ਕਰਮ ਕਰਨ ਅਤੇ ਫਲ ਦੀ ਇੱਛਾ ਨਾ ਰੱਖਣ ਦਾ ਉਪਦੇਸ਼ ਦੇਂਦੇ ਹਨ ਤਾਂ ਇਹ ਉਪਦੇਸ਼ ਵੀ ਪਰਉਪਕਾਰ ਦੇਸ਼ ਕੌਮ ਤੇ ਮਾਨਵਤਾ ਦੀ ਸੇਵਾ ਦਾ ਹੀ ਪ੍ਰਤੀਕ ਹੈ। ਬੋਧੀ ਭਿਕਸ਼ੂ ਜਿਹੜੇ ਨਿਰੋਲ ਧਰਮ ਲਈ ਸਮਰਪਤ ਹੁੰਦੇ ਹਨ ਉਹ ਸੇਵਾ ਕੇਂਦਰ ਵੀ ਸਥਾਪਤ ਕਰਿਆ ਕਰਦੇ ਸਨ ਜਿਨ੍ਹਾਂ ਵਿਚ ਬਿਮਾਰਾਂ ਤੇ ਲੋੜਵੰਦਾਂ ਦੀ ਸੇਵਾ ਕੀਤੀ ਜਾਂਦੀ ਸੀ। ਪਰ ਗੁਰਮਤਿ ਅਨੁਸਾਰ ਇਸ ਪ੍ਰਕਾਰ ਦੀ ਸੇਵਾ ਤੋਂ ਵੀ ਉੱਤਮ ਅਤੇ ਉਚੇਰੀ ਸੇਵਾ ਦਾ ਅਨੁਭਵ ਕਰਵਾਇਆ ਗਿਆ ਹੈ ਜਿਸ ਅਨੁਸਾਰ ਸੇਵਾ ਕੇਵਲ ਉਹ ਹੀ ਸਫਲ ਹੈ ਜਿਸ ਤੋਂ ਸਤਿਗੁਰੂ ਦਾ ਮਨ ਮੰਨ ਜਾਵੇ। ਜਦੋਂ ਸਤਿਗੁਰੂ ਦਾ ਮਨ ਮੰਨ ਗਿਆ ਤਾਂ ਜੀਵ ਅੰਦਰੋਂ ਪਾਪਾਂ ਦਾ ਨਾਸ਼ ਕਰ ਦਿੰਦਾ ਹੈ ਅਸਲ ਵਿਚ ਸੇਵਾ ਦਾ ਮੰਤਵ ਹੀ ਇਹ ਹੈ ਕਿ ਜੀਵ ਨੇ ਮਾਲਕ ਨੂੰ ਆਪਣੇ ਮਨ ਅੰਤਰ ਵਿਚ ਵਸਾਉਣਾ ਹੈ ਅਤੇ ਪਰਮਨਿਧਾਨ ਦੀ ਪਰਾਪਤੀ ਕਰਨੀ ਹੈ ਪਰ ਕਾਮਨਾ ਅਧੀਨ ਕੀਤੀ ਸੇਵਾ ਮਨਮੁੱਖਤਾ ਵਾਲੀ ਸੇਵਾ ਹੈ।

ਸੋ ਸਤਿਗੁਰ ਸਰ ਸੇਵਾ ਸਤਿਗੁਰ ਕੀ ਸਫਲ ਹੈ
ਜਿਸ ਤੇ ਪਾਈਐ ਪਰਮ ਨਿਧਾਨੁ॥
ਜੇ ਦੂਜੇ ਭਾਇ ਸਾਕਬ ਕਾਮਨਾ ਅਰਥਿ
ਦੁਰਗੰਧ ਸਰੇਵਦੇ ਸੋ ਨਿਰਫਲ ਸਭੁ ਅਗਿਆਨ॥

ਪੰਨਾ-734

ਇਸ ਕਰਕੇ ਸੁਖਨਾ ਦੇ ਰੂਪ ਵਿਚ ਕੀਤੀ ਸੇਵਾ ਸੇਵਾ ਨਹੀਂ ਆਖੀ ਜਾ ਸਕਦੀ ਸਗੋਂ ਸੌਦੇ ਬਾਜੀ ਹੈ। ਇਸ ਨਾਲ ਮਨ ਨੀਵਾਂ ਨਹੀਂ ਹੁੰਦਾ ਸਗੋਂ ਹਉਮੈ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ ਜਿਸ ਕਰਕੇ ਜੀਵ ਮਾਮੂਲੀ ਜਿਹੀ ਸੇਵਾ ਕਰਕੇ ਹੀ ਵੱਡੀਆਂ ਵੱਡੀਆਂ ਮੰਗਾਂ ਲਈ ਅਰਜੋਈ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ।

ਸੇਵਾ ਥੋਰੀ ਮਾਗਨ ਬਹੁਤਾ॥

ਪੰਨਾ-738

ਸੋ ਸੇਵਾ ਨਿਸ਼ਕਾਮ ਕਰਨੀ ਹੈ ਅਤੇ ਕੇਵਲ ਉਸੇ ਦੀ

ਸਤਿਗੁਰੂ ਕਾ ਕਰਮੀ ਪਲੈ ਪਾਇ॥
ਨਾਨਕ ਸੇਵਾ ਸੁਰਤਿ ਕਮਾਵਣੀ
ਜੋ ਹਰਿ ਭਾਵੈ ਸੋ ਥਾਇ ਪਾਇ॥

ਪੰਨਾ-88

ਅਸਲ ਵਿਚ ਮਨੁੱਖ ਕੇਵਲ ਉਹੀ ਸੇਵਾ ਕਰਨੀ ਜਾਣਦਾ ਹੈ ਜਿਹੜੀ ਸਰੀਰਕ ਤੌਰ ਤੇ ਕਰ ਸਕੇ ਜਾਂ ਇਉਂ ਕਹੋ ਕਿ ਜਿਹੜੀ ਦ੍ਰਿਸ਼ਟਮਾਨ ਕਾਰਜ ਵਜੋਂ ਨਿਭਾਈ ਜਾ ਸਕੇ। ਇਹ ਸਪਸ਼ਟ ਹੈ ਕਿ ਇਸ ਅਵਸਥਾ ਵਿਚ ਵਿਚਰਦਿਆਂ ਜੀਵ ਸੁਤੇ ਸਿਧ ਹੀ ਹਉਮੈ ਦਾ ਸ਼ਿਕਾਰ ਹੋ ਜਾਂਦਾ ਹੈ। ਸੁਰਤਿ ਦੀ ਸੇਵਾ ਅਤਿ ਕਠਨ ਵੀ ਹੈ ਤੇ ਉਸ ਪ੍ਰਭੂ ਦੀ ਦਇਆ ਤੋਂ ਬਿਨਾਂ ਮਿਲ ਵੀ ਨਹੀਂ ਸਕਦੀ।

ਸੰਤਨ ਕੀ ਸਰਣਾਈ ਪੜਿਆ॥
ਜੀਉ ਪ੍ਰਾਣ ਧਨੁ ਆਗੈ ਧਰਿਆ॥
ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ
ਦਇਆ ਕਿਰਮਾਇਣਾ॥

ਪੰਨਾ-1078

ਅਸਲ ਵਿਚ ਤਨ ਤੇ ਧਨ ਦੀ ਸੇਵਾ ਸੌਖੀ ਹੈ ਤੇ ਇਸ ਤਰ੍ਹਾਂ ਦੀਆਂ ਸੇਵਾਵਾਂ ਕਰਨ ਵਾਲੇ ਵੀ ਆਮ ਹੀ ਮਿਲ ਸਕਦੇ ਹਨ ਪਰ ਮਨ ਦੀ ਸੇਵਾ ਕਰਨ ਵਾਲੇ ਬਹੁਤ ਥੋੜੇ ਹਨ ਅਤੇ ਸੁਰਤਿ ਦੀ ਸੇਵਾ ਕਰਨ ਵਾਲੇ ਵਿਰਲੇ ਹੀ ਹਨ ਕਿਉਂਕਿ ਇਹ ਸੇਵਾ ਅਗੰਮ ਤੇ ਅਪਾਰ ਹੈ ਅਤੇ ਗੁਰਮਤਿ ਦੀ ਮੁਹਤਾਜ ਹੈ। ਇਹ ਹੀ ਸੱਚੀ ਭਗਤੀ ਜਿਸ ਨਾਲ ਸਿਖ ਆਪਣੇ ਅੰਦਰੋਂ ਹਉਮੈ ਦਾ ਨਾਸ਼ ਕਰਕੇ ਕੇਵਲ ਪ੍ਰਭੂ ਦੇ ਨਾਮ ਦਾ ਵਾਪਾਰੀ ਹੋ ਨਿਬੜਦਾ ਹੈ।

ਰਾਮ ਨਾਮੁ ਵਾਪਾਰਾ ਅਗਮ
ਅਪਾਰਾ ਗੁਰਮਤੀ ਧਨੁ ਪਾਈਐ॥
ਸੇਵਾ ਸੁਰਤਿ ਭਗਤਿ ਇਹ ਸਾਚੀ
ਵਿਚਹੁ ਆਪ ਗਵਾਈਐ॥

ਪੰਨਾ-246

ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ ਕਿ ਸੇਵਾ ਕਰਦਿਆਂ ਜੀਵ ਨੂੰ ਨਾ ਸੁਸਤੀ ਕਰਨੀ ਬਣਦੀ ਹੈ ਤੇ ਨਾ ਹੀ ਅਣਗਹਿਲੀ। ਸਗੋਂ ਅਭਿਮਾਨ ਤੇ ਹੱਠ ਦਾ ਤਿਆਗ ਕਰਕੇ ਭਾਵਨਾ ਸਹਿਤ ਸਤਿਗੁਰੂ ਦੀ ਸੇਵਾ ਕਰਨੀ ਚਾਹੀਦੀ ਹੈ। ਜੇਕਰ ਜੀਵ ਕਿਸੇ ਪ੍ਰਕਾਰ ਦੇ ਲੋਭ ਲਾਲਚ ਜਾਂ ਗਿਣਤੀਆਂ ਵਿਚ ਪੈ ਜਾਂਦਾ ਹੈ ਤਾਂ ਉਸਦੀ ਕੀਤੀ ਸੇਵਾ ਬੇ-ਅਰਥ ਕਹੀ ਜਾਂਦੀ ਹੈ।

ਕਰਨੀ ਹੈ ਜਿਸਨੇ ਜਗਤ ਦੀ ਉਤਪਤੀ ਕੀਤੀ ਹੈ ਅਤੇ ਜੀਵ ਨੂੰ ਜੀਆ ਦਾਨ ਦਿੱਤਾ ਹੈ।

ਜਿਨਿ ਜਗਤੁ ਉਪਾਇਆ ਧੰਧੈ ਲਾਇਆ
ਤਿਸੈ ਵਿਟਹੁ ਕੁਰਬਾਣੁ ਜੀਉ॥
ਤਾਕੀ ਸੇਵ ਕਰੀਜੈ ਲਾਹਾ ਲੀਜੈ
ਹਰਿ ਦਰਗਹਿ ਪਾਈਐ ਮਾਣੁ ਜੀਉ॥

ਪੰਨਾ-438

ਇਸ ਪ੍ਰਥਾਇ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ।

ਤਿਸੁ ਤੂ ਸੇਵਿ ਜਿਨਿ ਤੂ ਕੀਆ॥
ਤਿਸੁ ਅਰਾਧਿ ਜਿਨਿ ਜੀਉ ਦੀਆ॥

ਪੰਨਾ-1182

ਗੁਰਮਤਿ ਅਨੁਸਾਰ ਸੇਵਾ ਦਾ ਅਧਿਕਾਰੀ ਉਹ ਹੈ ਜਿਸ ਉਪਰ ਮਾਲਕ ਦੀ ਕਿਰਪਾ ਦ੍ਰਿਸ਼ਟੀ ਹੋਵੇ ਪਰ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਵੀ ਹਰੇਕ ਜੀਵ ਉਪਰ ਨਹੀਂ ਹੁੰਦੀ ਕੇਵਲ ਉਸੇ ਜੀਵ ਉਪਰ ਹੁੰਦੀ ਹੈ ਜਿਹੜਾ ਤਨ ਮਨ ਧਨ ਦੀ ਪਰਵਾਹ ਨਾ ਕਰਦਿਆਂ ਆਪਣੇ ਆਪ ਨੂੰ ਗੁਰੂ ਦੇ ਅਰਪਨ ਕਰ ਦਿੰਦਾ ਹੈ।

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥

ਪੰਨਾ-757

ਇਹ ਹੀ ਸੁਰਤ ਦੀ ਸੇਵਾ ਹੈ ਜਿਸ ਦਾ ਉਲੇਖ ਗੁਰੂ ਨਾਨਕ ਦੇਵ ਜੀ ਨੇ ਵਡਹੰਸ ਰਾਗ ਵਿਚ ਕੀਤਾ ਹੈ।

ਤੈ ਸਾਹਿਬ ਕੀ ਬਾਤ ਜਿ ਆਖੈ
ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ
ਵਿਣੁ ਸਿਰ ਸੇਵ ਕਰੀਜੈ।

ਪੰਨਾ-558 ■

ਚਿੱਠੀ ਪੱਤਰ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ।
ਇਸ ਤੋਂ ਬਿਨ੍ਹਾਂ ਕੋਈ ਕਾਰਵਾਈ ਨਹੀਂ ਹੋ ਸਕਦੀ।
ਸੰਪਾਦਕ




# ਮਹਿਮਾ ਸਾਧੂ ਸੰਗ ਕੀ-ਸਾਧ ਸੰਗਿ ਮੇਰੀ ਜਲਨਿ ਬੁਝਾਈ

ਰਮੇਸ਼ ਸਿੰਘ*

ਕੀ ਇਹ ਸੰਭਵ ਹੈ ਕਿ ਬਲਦੇ ਹੋਇ ਸਟੋਵ ਤੇ ਬੈਠਾ ਬੰਦਾ ਨਾ ਸੜੇ? ਕੀ ਇਹ ਮੁਮਕਿਨ ਹੈ ਕਿ ਮਾਇਆ ਦੀ ਅੱਗ ਵਿੱਚ ਪਲੇਟਿਆ ਮਨੁੱਖ ਇਸਦੀ ਤਪਸ਼ ਤੋਂ ਬਚਿਆ ਰਹਿ ਸਕੇ? ਕੀ ਇਹ ਹੋ ਸਕਦਾ ਹੈ ਕਿ ਸੰਸਾਰ ਦੇ ਜੰਜਾਲਾਂ ਵਿੱਚ ਵਿਚਰਦਾ ਆਦਮੀ ਇਨ੍ਹਾਂ ਦੀ ਪਕੜ ਵਿੱਚ ਆ ਆਵੇ? ਕੀ ਇਹ ਮੰਨਿਆ ਜਾ ਸਕਦਾ ਹੈ ਕਿ ਜਿਸ ਦੁਨੀਆਂ ਵਿੱਚ ਹਰ ਬੰਦਾ ਰੋਗੀ ਹੈ, ਉਸ ਵਿੱਚ ਕੋਈ ਨਿਰੋਗੀ ਵੀ ਰਹਿ ਸਕਦਾ ਹੈ? ਸਮਰਥ ਗੁਰੂ ਦਾ ਫੁਰਮਾਨ ਹੈ, ਹਾਂ ਹੋ ਸਕਦਾ ਹੈ- "ਆਤਸ ਦੁਨੀਆ ਖੁਨਕ ਨਾਮੁ ਖੁਦਾਇਆ" (ਪੰਨਾ 1291), ਅਰਥਾਤ ਨਾਮ ਦਾ asbestos cloak ਪਾ ਕੇ ਸਟੋਵ ਤੇ ਬੈਠਾ ਬੰਦਾ ਵੀ ਸੜਨੋਂ ਬਚ ਸਕਦਾ ਹੈ, ਨਾਮ ਦੇ ਨਿਰਮਲ ਜਲ ਦੀ ਫੁਹਾਰ ਦਾ ਘੇਰਾ ਮਾਇਆ ਦੀ ਅੱਗ ਅੰਦਰ ਵੀ ਤਪਸ਼ ਮਹਿਸੂਸ ਨਹੀਂ ਹੋਣ ਦੇਂਦਾ ਅਤੇ ਨਾਮ ਦੀ ਸੋਝੀ ਤੇ ਪ੍ਰਕਾਸ਼ ਅੰਦਰ, ਜੰਜਾਲਾਂ ਵਿੱਚ ਵਿਚਰਦਾ ਮਨੁੱਖ ਵੀ ਇਨ੍ਹਾਂ ਦੀ ਪਕੜ ਵਿੱਚ ਨਹੀਂ ਆਉਂਦਾ।

ਪ੍ਰਭੂ ਕਿਰਪਾ ਸਦਕਾ, ਇਹ ਅਨੁਭਵ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਜਦੋਂ ਅਸੀਂ 10-15 ਸਤਿਸੰਗੀ (5 ਸਾਲ ਤੋਂ 84 ਸਾਲਾਂ ਦੀ age group ਵਾਲੇ) ਇੱਕ ਗੁਰਮੁਖ ਪਿਆਰਿਆਂ (ਜਿਨ੍ਹਾਂ ਨੂੰ ਸਾਰੇ ਪਿਆਰ ਨਾਲ ਪਾਪਾ ਜੀ ਆਖਦੇ ਹਨ।) ਦੀ ਅਗੁਆਈ ਹੇਠ, ਚੰਡੀਗੜ੍ਹ ਸ੍ਰ. ਕਿਰਪਾਲ ਸਿੰਘ (ਕਲਪਿਤ ਨਾਂ, ਇਸ ਤੋਂ ਬਾਅਦ ਆਏ ਹੋਰ ਨਾਂ ਵੀ ਸਾਰੇ ਕਲਪਿਤ ਹਨ ਤਾਂ ਜੋ ਕਿਸੇ ਦੀ ਭਾਵਨਾ ਨੂੰ ਠੇਸ ਨਾ ਪਹੁੰਚੇ) ਦੇ ਗ੍ਰਿਹ ਵਿਖੇ ਇਕਤ੍ਰ ਹੋਇ। ਸ੍ਰ. ਕਿਰਪਾਲ ਸਿੰਘ ਜੀ ਦੀ ਵੱਡੀ ਕੋਠੀ ਵਿੱਚ ਉਨ੍ਹਾਂ ਤੋਂ ਇਲਾਵਾ, ਪਤਨੀ ਬੀਬੀ ਸਤਵੰਤ ਕੌਰ, ਦੋ ਬੇਟੇ ਮਹਿੰਦਰ ਸਿੰਘ ਤੇ ਗੁਰਿੰਦਰ ਸਿੰਘ (ਜੋ M.E. ਕਰ ਚੁੱਕੇ ਹਨ) ਤੇ ਇੱਕ ਬੇਟੀ ਮਾਲਤੀ ਕੌਰ ਜੋ ਕਾਲਜ ਵਿੱਚ ਲੈਕਚਰਾਰ ਹੈ-ਰਹਿੰਦੇ ਹਨ। ਵੱਡੀ ਬੇਟੀ ਹਰਨਾਮ ਕੌਰ ਆਪਣੇ ਪਤੀ ਦੇਵਿੰਦਰ ਸਿੰਘ ਨਾਲ ਅਲਗ ਫਲੈਟ ਵਿੱਚ ਰਹਿੰਦੀ ਹੈ, ਪਰ ਸਤਿਸੰਗ ਦੌਰਾਨ ਸਾਰਾ ਸਮਾਂ ਸਾਡੇ ਨਾਲ ਰਹੀ ਪਰਿਵਾਰ ਸਮੇਤ। ਵੱਡਾ ਬੇਟਾ ਗੁਰਿੰਦਰਪਾਲ ਸਿੰਘ, ਆਪਣੀ ਪਤਨੀ ਸਪਨਾ ਕੌਰ ਨਾਲ, ਹਰਨਾਮ ਕੌਰ ਦੇ ਨਾਲ ਲਗਦੇ (ਸਾਮ੍ਹਣੇ) ਫਲੈਟ ਵਿੱਚ ਰਹਿੰਦਾ ਹੈ, ਜੋ ਸ੍ਰ. ਕ੍ਰਿਪਾਲ ਸਿੰਘ ਦੀ ਕੋਠੀ ਤੋਂ ਡੇਢ ਕੁ ਕਿਲੋਮੀਟਰ ਦੀ ਦੂਰੀ ਤੇ ਹਨ। ਸ੍ਰ. ਕ੍ਰਿਪਾਲ ਸਿੰਘ ਹੁਰਾਂ ਦਾ ਸਾਰਾ ਪਰਿਵਾਰ ਬੜੇ ਹੀ ਪਿਆਰ ਵਾਲਾ ਤੇ ਸਾਧੂ ਸੰਤਾਂ ਦੀ ਸੇਵਾ ਕਰਨ ਵਾਲਾ ਹੈ। ਅਸੀਂ ਸਾਰੇ ਕੱਖਾਂ ਤੋਂ ਵੀ ਹੌਲੇ, ਮੂਰਖ, ਅਗਿਆਨੀ, ਸਾਧ-ਸੰਗਤ ਦੀ ਚਰਣ ਧੂੜ ਦੇ ਚਾਹਵਾਨ ਆਪਣੇ ਮਤਲਬ ਲਈ ਗਏ ਸਾਂ ਪਰ ਉਨ੍ਹਾਂ ਸਾਨੂੰ ਸਾਰਿਆਂ ਨੂੰ ਵੀ ਸਿਰ ਤੇ ਬਿਠਾ ਲਿਆ, ਰਜਵਾਂ ਪਿਆਰ ਦਿੱਤਾ ਤੇ ਰੱਜ-ਰੱਜ ਕੇ ਸਾਡੀ ਸੇਵਾ ਕੀਤੀ, ਅਸੀਂ ਇਸ ਲਾਇਕ ਬਿਲਕੁਲ ਨਹੀਂ ਸਾਂ। ਸੇਵਾ ਤੇ ਪਿਆਰ ਦੇ ਬਾਵਜੂਦ ਨਾਮ ਦੀ absence ਕਾਰਣ ਸ੍ਰ. ਕ੍ਰਿਪਾਲ ਸਿੰਘ ਦੀ ਕੋਠੀ "ਆਤਸ ਦੁਨੀਆ" ਦਾ ਪ੍ਰਤੀਕ ਬਣੀ ਹੋਈ ਸੀ। ਪਾਪਾ ਜੀ ਦਾ ਇਹ ਨੇਮ ਹੈ ਕਿ ਜਿੱਥੇ ਵੀ ਉਹ ਸਾਥੀਆਂ ਨਾਲ ਹੁੰਦੇ ਹਨ, ਉੱਥੇ ਰੋਜ਼ ਅੰਮ੍ਰਿਤ ਵੇਲੇ (4:30 ਤੋਂ 6) ਅਤੇ ਸ਼ਾਮ (6:30 ਤੋਂ 8) ਕੀਰਤਨ ਦਾ ਰੰਗ ਮਾਣਦੇ ਹਨ, ਵਡਿਆਈ ਵੀਚਾਰ ਦੁਆਰਾ ਅੰਮ੍ਰਿਤਮਈ ਬਾਣੀ ਦਾ ਅੰਮ੍ਰਿਤ ਪੀਂਦੇ ਤੇ ਵੰਡਦੇ ਹਨ। ਸੁ 5 ਜੂਨ ਨੂੰ ਪਹੁੰਚ ਕੇ, ਉਸੇ ਦਿਨ ਸ਼ਾਮ ਤੋਂ "ਖੁਨਕ ਨਾਮ" ਦੀ ਵਰਖਾ ਸ਼ੁਰੂ ਕਰ ਦਿੱਤੀ ਜੋ 13 ਜੂਨ ਅੰਮ੍ਰਿਤ ਵੇਲੇ ਤੱਕ ਜਾਰੀ ਰਹੀ। ਇਨ੍ਹਾਂ ਦੋ sessions ਤੋਂ ਇਲਾਵਾ, ਜਦੋਂ ਸਮਾਂ ਮਿਲਦਾ, ਬੈਠ ਕੇ ਵਿਚਾਰਾਂ ਕਰਦੇ ਯਾ ਕੀਰਤਨ ਰਾਹੀਂ ਪ੍ਰਭੂ ਦੀ ਮਹਿਮਾ ਗਾਂਦੇ।

ਮੈਂ ਵੇਖਦਾ ਹਾਂ ਕਿ ਮੇਰੇ ਵਰਗੇ ਬਾਹਰਲੇ ਕਰਮਕਾਂਡੀ, ਅਖੌਤੀ ਧਾਰਮਕ ਲੋਗ, ਨਾਮਹੀਨ ਹੋਣ ਕਰਕੇ ਕਰੋੜਾਂ ਦੁਖਾਂ-ਕਲੇਸ਼ਾਂ ਦਾ ਸ਼ਿਕਾਰ ਹਨ। ਮੈਂ ਇਹ ਸਮਝਦਾ ਹਾਂ ਕਿ ਬਸ ਸੰਤਾਂ-ਸਾਧਾਂ (ਤੇ ਅਜਕਲ ਤਾਂ ਇਹ ਹਾਲ ਹੈ, ਜਿਵੇਂ ਪਾਪਾ ਜੀ ਕਹਿੰਦੇ ਹਨ ਕਿ ਇੱਟ ਪੁੱਟੋ ਤਾਂ ਸੰਤ ਨਿਕਲਦਾ ਹੈ, ਪਰ ਗੁਰੂ ਅਰਜਨ ਦੇਵ ਜੀ ਦੀ ਪਰੀਭਾਸ਼ਾ ਵਾਲਾ ਸੰਤ- "ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗ ਛਾਰੁ ॥ (ਪੰਨਾ 392) ਕੋਈ ਵਿਰਲਾ ਹੀ ਹੋਵੇਗਾ ਤੇ ਅਸੀਂ ਕਿਵੇਂ ਪਛਾਣਾਂਗੇ ਕਿ ਅਸਲੀ ਹੈ ਜਾਂ ਨਕਲੀ) ਅੱਗੇ ਮੱਥਾ ਟੇਕ ਕੇ ਆਪਣੀਆਂ ਦੁਨਿਆਵੀ ਮੰਗਾਂ ਤੇ ਕੰਮਾਂ ਦੀ ਪੂਰਤੀ ਲਈ ਹੀ ਧਰਮ ਦੀ ਲੋੜ ਹੈ। ਅੰਦਰ ਨਾਮ ਦਾ ਪ੍ਰਕਾਸ਼ ਕੋਈ ਨਹੀਂ, ਭਾਵੇਂ ਘਰ ਅੰਦਰ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਸਕਦਾ ਹੈ, ਸੁ ਆਪਣੇ ਬੇਟਿਆਂ ਦੇ ਭਵਿੱਖ ਤੇ ਆਪਣੀ ਬੇਟੀ ਦੇ ਵਿਆਹ ਦੀ ਚਿੰਤਾ ਮੈਨੂੰ ਸੋਚੀਂ ਪਾਈ ਰੱਖਦੀ ਹੈ ਕਿ

* Kasidih East, Road No.1 Sakchi, Jamshedpur - 831 001

ਇਨ੍ਹਾਂ ਦਾ ਕੀ ਬਣੇਗਾ, ਮੇਰੀ ਉਮਰ ਵਧਦੀ ਜਾ ਰਹੀ ਹੈ, ਮੈਂ ਇਨ੍ਹਾਂ ਦਾ ਜੀਵਨ ਸੁਆਰ ਜਾਵਾਂ। ਮੇਰੇ ਦੁਨਿਆਵੀ ਰੁਤਬੇ ਦਾ ਰੋਅਬ ਰੱਖਣ ਵਾਲੀ ਪਤਨੀ ਸੋਚਦੀ ਹੈ ਮੈਂ ਕਿਤਨੀ, ਚੰਗੀ ਹਾਂ, ਮੈਂ ਕਿਤਨੇ ਲੋਕਾਂ ਦਾ ਭਲਾ ਕੀਤਾ ਹੈ, ਕਿਤਨਿਆਂ ਦੀ ਨੌਕਰੀ ਲਗਵਾਈ ਹੈ, ਕਿਤਨੇ ਗਰੀਬ ਸਾਡੀ ਮਦਦ ਪਾ ਰਹੇ ਹਨ। ਇਸ "ਮੈਂ" ਨੇ ਉਸਨੂੰ ਨਾਮ ਤੋਂ ਦੂਰ ਰੱਖਿਆ ਹੈ। ਉਹ ਆਪਣੀ ਨੂੰਹ ਤੇ ਦੋਸ਼ ਲਾਂਦੀ ਹੈ ਕਿ ਮੇਰੇ ਬੇਟੇ ਨੂੰ ਇਸ ਵਸ ਕਰ ਲਿਆ ਹੈ, ਆਪਣੇ ਮਾਂ-ਪਿਓ ਤੇ ਉਹ ਬੜਾ ਮਾਣ ਕਰਦੀ ਹੈ, ਮੇਰੀਆਂ ਬੇਟੀਆਂ ਨੂੰ ਵੇਖਣਾ ਨਹੀਂ ਚਾਹੁੰਦੀ, ਉਨ੍ਹਾਂ ਨਾਲ ਨਫਰਤ ਕਰਦੀ ਹੈ। ਨਾਮ ਤੋਂ ਸਖਣੀ ਹੋਣ ਕਰਕੇ ਮੇਰੀ ਪਤਨੀ ਕਦੇ ਆਪਣੇ ਅੰਦਰ ਝਾਤੀ ਮਾਰ ਕੇ ਆਪਣੀਆਂ ਗਲਤੀਆਂ ਵੇਖਣ ਨੂੰ ਤਿਆਰ ਨਹੀਂ। ਉਹ ਕਦੇ ਇਹ ਸੋਚਦੀ ਹੀ ਨਹੀਂ ਕਿ ਉਹ ਵੀ ਘਰ ਦੇ ਦੁਖਾਂ-ਕਲੇਸ਼ਾਂ ਦਾ ਕਾਰਣ ਹੋ ਸਕਦੀ ਹੈ। "ਮੈਂ ਚੰਗੀ ਹਾਂ", ਉਸਦੀ ਇਸ ਸੋਚ ਨੂੰ ਸਾਡੇ ਘਰ ਆਉਣ ਵਾਲੇ ਅਖੌਤੀ ਸੰਤਾਂ ਨੇ- ਜਿਨ੍ਹਾਂ ਦੀ ਚੰਗੀ ਪੁੱਛ ਪ੍ਰਤੀਤ ਹੁੰਦੀ ਹੈ ਸਾਡੇ ਘਰ- ਕਦੇ ਚੈਲੇਂਜ ਨਹੀਂ ਕੀਤਾ ਤੇ ਨਾ ਹੀ ਗੁਰਬਾਣੀ ਦੀ ਇਹ ਅਟੱਲ ਸਚਾਈ- *"ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ"* (ਪੰਨਾ 278) -ਸੁਣਾ ਕੇ ਇਹ ਕਹਿਣ ਦੀ ਜੁਰਤ ਕੀਤੀ ਕਿ ਭੈਣ ਜੀ ਦੋਸ਼ੀ ਆਪ ਹੋ ਹੋਰ ਕੋਈ ਨਹੀਂ, ਆਪ ਹੀ ਇਸ ਘਰ ਵਿੱਚ ਲੱਗੀ ਅੱਗ ਦੇ ਜ਼ੁੰਮੇਵਾਰ ਹੋ ਤੇ ਜਦ ਤੀਕਰ ਆਪ ਆਪਣਾ ਰੋਗ ਨਹੀਂ ਪਛਾਣੋਗੇ, ਕਿਵੇਂ ਨਿਰੋਗ ਹੋ ਸਕਦੇ ਹੋ, ਕਿਵੇਂ ਘਰ ਅੰਦਰ ਲਗੀ ਅੱਗ ਬੁਝ ਸਕਦੀ ਹੈ। ਮੇਰੀ ਪਤਨੀ ਦਾ ਰੋਅਬ ਵੇਖ-ਵੇਖ ਕੇ ਪਲੀਆਂ ਮੇਰੀਆਂ ਬੇਟੀਆਂ ਵੀ ਆਪਣੀ ਭਰਜਾਈ ਤੇ ਭਰਾ ਨੂੰ ਹੀ ਕਸੂਰਵਾਰ ਮੰਨਦੀਆਂ ਹਨ ਤੇ ਨਫਰਤ ਦੀ ਅੱਗ ਵਿੱਚ ਝੁਲਸ ਰਹੀਆਂ ਹਨ। ਨਾਮ ਦੀ absence ਹਉਮੈ ਦਾ ਮੂਲ ਹੈ ਤੇ ਇਹ ਹਉਮੈ ਆਪਾ ਖੋਜਣ ਨਹੀਂ ਦੇਂਦੀ। ਮਨੁੱਖ ਸਮਝਦਾ ਹੈ, ਮੈਂ ਠੀਕ ਹਾਂ, ਮੈਂ ਚੰਗਾ ਹਾਂ, ਬਾਕੀ ਸਾਰੇ ਭੈੜੇ ਹਨ ਜਦੋਂ ਕਿ ਸੁਖਸਾਗਰ ਗੁਰਦੇਵ ਸਮਝਾਂਦੇ ਹਨ ਕਿ ਭਾਈ, ਜੇ ਸਦੀਵੀ ਸੁਖ ਚਾਹੁੰਦਾ ਹੈ ਤਾਂ ਇਹ ਪੜ੍ਹਾਈ ਪੜ੍ਹ:

* *"ਕਬੀਰ ਸਭ ਤੇ ਹਮ ਬੁਰੇ ॥ ਹਮ ਭਲੋ ਸਭੁ ਕੋਇ...* (ਪੰਨਾ 1364)
* *"ਮੰਦਾ ਜਾਣੈ ਆਪ ਕਉ, ਅਵਰੁ ਭਲਾ ਸੰਸਾਰੁ"...* (ਪੰਨਾ 991)
* *"ਮੈਥਹੁੰ ਬੁਰਾ ਨ ਕੋਈ ਸਰਿਠੇ"...* ਭਾਈ ਗੁਰਦਾਸ (ਵਾਰ 37-30)

ਸਾਡੇ ਘਰ ਦੀ ਨੂੰਹ ਤੇ ਬੇਟਾ ਹਮੇਸ਼ਾਂ ਇਸੇ ਭੁਲੇਖੇ ਵਿੱਚ ਹਨ- ਨਾਮ ਤੋਂ ਦੂਰ ਹੋਣ ਕਰਕੇ ਕਿ ਅਸੀਂ ਹੀ ਠੀਕ ਹਾਂ। ਨੂੰਹ ਸਮਝਦੀ ਹੈ ਕਿ ਜਦੋਂ ਦੀ ਮੈਂ ਇਸ ਘਰ ਵਿੱਚ ਆਈ ਹਾਂ, ਸੁੱਖ ਦਾ ਸਾਹ ਨਹੀਂ ਲਿਆ, ਮੇਰੀ ਸੱਸ ਤੇ ਮੇਰੀਆਂ ਨਨਾਣਾਂ ਹੀ ਮੇਰੇ ਦੁੱਖ ਦਾ ਕਾਰਣ ਹਨ। ਮੇਰਾ ਪੁੱਤ੍ਰ ਸਮਝਦਾ ਹੈ ਕਿ ਇਸ ਘਰ ਵਿੱਚ ਮੇਰੀ ਪਤਨੀ ਦੀ ਕੋਈ ਇਜ਼ਤ ਨਹੀਂ। ਮੇਰੇ ਛੋਟੇ ਬੇਟੇ ਇਸ ਕਾਰਣ frustrated ਤੇ depressed ਹਨ ਕਿਉਂਕਿ ਚੰਗੀ ਪੜ੍ਹਾਈ ਕਰਨ ਦੇ ਬਾਵਜੂਦ IAS ਬਣਨ ਤੇ ਅਮਰੀਕਾ / ਕਨੇਡਾ ਜਾਣ ਦੇ ਉਨ੍ਹਾਂ ਦੇ ਸਪਨੇ ਪੂਰੇ ਹੁੰਦੇ ਨਹੀਂ ਦਿਸਦੇ ਤੇ ਉਹ ਸੋਚਦੇ ਹਨ ਕਿ ਇਹ ਪ੍ਰਾਪਤੀਆਂ ਹੀ ਉਨ੍ਹਾਂ ਨੂੰ ਸੁਖੀ ਕਰ ਸਕਦੀਆਂ ਹਨ।

ਚੰਡੀਗੜ੍ਹ, ਸ੍ਰ. ਕ੍ਰਿਪਾਲ ਸਿੰਘ ਦੇ ਘਰ ਵੀ ਕੁਝ ਇਸੇ ਤਰ੍ਹਾਂ ਦਾ ਮਾਹੌਲ ਵੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਘਰ-ਘਰ ਇਹੋ ਅੱਗ ਲੱਗੀ ਹੋਈ ਹੈ, ਗੁਰਬਾਣੀ ਦੀ ਸਚਾਈ ਪ੍ਰਤੱਖ ਵੇਖੀ:

* *"ਕੋਟਿ ਕਲੇਸਾ ਊਪਜਹਿ ਨਾਨਕ ਬਿਸਰੈ ਨਾਉ"*॥ (ਪੰਨਾ 522)
* *"ਜੋ ਜੋ ਦੀਸੈ ਸੋ ਸੋ ਰੋਗੀ"* ॥ (ਪੰਨਾ 1140)

ਗੁਰਮੁਖ ਪਿਆਰੇ ਪਾਪਾ ਜੀ ਨੇ ਪਹਿਲੀ ਨਜ਼ਰ ਵਿੱਚ ਹੀ ਰੋਗ ਪਛਾਣ ਲਿਆ ਤੇ ਅੰਮ੍ਰਿਤ ਨਾਮ ਦੀ ਦਵਾਈ ਦੇਣੀ ਸ਼ੁਰੂ ਕੀਤੀ। ਹਰ ਕੀਰਤਨ session ਵਿੱਚ ਇੱਕ ਖਾਸ ਵਿਸ਼ਾ ਚੁਣ ਕੇ ਮੇਰੇ ਵਰਗੇ ਮਰੀਜਾਂ ਨੂੰ ਦਵਾਈ ਪਿਲਾਂਦੇ। ਨਾ ਗਲਾ, ਨਾ ਸੁਰ, ਨਾ ਤਾਲ, ਨਾ ਤਬਲਾ, ਪਰ ਮਨ ਦੇ ਧਰਾਤਲ ਚੋਂ ਨਿਕਲਿਆ ਕੀਰਤਨ ਤੇ ਨਾਲ ਵਿਆਖਿਆ, ਜਿਸ ਵਿੱਚ real life examples ਹੁੰਦੇ, ਨੇ ਕਮਾਲ ਦਾ ਅਸਰ ਵਿਖਾਣਾ ਸ਼ੁਰੂ ਕੀਤਾ।

ਅਖੌਤੀ ਸੰਤਾਂ ਤੋਂ ਬਚਣ ਤੇ ਛੁਟਕਾਰਾ ਪਾ ਕੇ ਸੱਚੇ ਸੰਤ ਦੀ ਪਛਾਣ ਉਨ੍ਹਾਂ *"ਸੰਤ ਰਹਤ ਸੁਨਹੁ ਮੇਰੇ ਭਾਈ"* (ਪੰਨਾ 392) ਰਾਹੀਂ ਕਰਾਈ ਅਤੇ ਸਭ ਤੋਂ ਵੱਡੇ ਸੰਤ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਣ ਦੀ ਪ੍ਰੇਰਨਾ ਦ੍ਰਿੜ ਕਰਵਾਈ। ਸੱਚਾ ਸੁਖ ਕੇਵਲ ਤੇ ਕੇਵਲ ਨਾਮ ਵਿੱਚ ਹੈ, ਨਾਮ ਵਿੱਚ ਰਤਿਆਂ ਦੁਨੀਆਂ ਵਿੱਚ ਵਰਤ ਰਹੀ ਅੱਗ ਦੀ ਆਂਚ ਤੋਂ ਬਚ ਸਕਦੇ ਹਾਂ, ਇਹ ਗੱਲ ਸਮਝਾਈ- *"ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥ ਜੋ*

ਜਨ ਪੀਰਿ ਨਿਵਾਜਿਆ ਤਿੰਨਾ ਅੰਚ ਨ ਲਾਗ ॥ (ਪੰਨਾ 1382) ਦੇ ਸਲੋਕ ਤੇ "ਸੁਖੁ ਨਾਹੀ ਬਹੁਤੈ ਧਨਿ ਖਾਟੇ... ਸਰਬ ਸੁਖਾ ਹਰਿ ਹਰਿ ਗੁਣ ਗਾਏ" (ਪੰਨਾ 1147) ਦੇ ਸ਼ਬਦਾਂ ਰਾਹੀਂ। ਜਿਸ ਕੋਲ ਨਾਮ ਧਨ ਹੈ ਉਹ ਸਾਰੀ ਦੁਨੀਆਂ ਦਾ ਰਾਜਾ ਹੈ, ਗੁਰੂ ਅਰਜਨ ਦੇਵ ਜੀ ਦੇ ਸ਼ਬਦ "ਮਾਈ ਖਾਟਿ ਆਇਓ ਘਰਿ ਪੂਤਾ"... ਖਾਵਹੁ ਖਰਚਹੁ ਤੋਟਿ ਨ ਆਵੈ, ਹਲਤ ਪਲਤ ਕੈ ਸੰਗੇ" (ਪੰਨਾ 496) ਰਾਹੀਂ ਇਸ ਤੇ ਰੋਸ਼ਨੀ ਪਾਈ, ਦੂਜੇ ਪਾਸੇ ਦੁਨੀਆਵੀ ਧਨ ਦਾ ਮਾਲਕ ਕੰਗਾਲ ਹੈ ਇਸ ਦੀ ਸੋਝੀ ਪ੍ਰਦਾਨ ਕੀਤੀ ਇਸ ਸਲੋਕ ਰਾਹੀਂ:

"ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ॥
ਸੋ ਧਨੁ ਮਿਤ੍ਰ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ॥
ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ॥
ਜਿਨੑ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ॥"
... (ਪੰਨਾ 1287)

ਪ੍ਰਭੂ ਪਿਆਰ ਵਿੱਚ ਰੰਗੇ ਸੰਤਾਂ-ਭਗਤਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਕਿਵੇਂ ਸਿੱਖ ਦੇ ਮਨ ਵਿੱਚ ਵੀ ਚਾਉ ਪੈਦਾ ਹੁੰਦਾ ਹੈ ਪ੍ਰਭੂ ਮਿਲਨ ਦਾ, ਇਸਦਾ ਉਦਾਹਰਣ ਪੇਸ਼ ਕੀਤਾ ਇਸ ਸ਼ਬਦ ਰਾਹੀਂ:

"ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ... ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥ ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ" (ਪੰਨਾ 487)। ਭਗਤੀ ਵਿੱਚ ਲੀਨ ਸਿੱਖ ਅੰਦਰ ਫਿਰ ਇਹ ਤਾਕਤ ਆ ਜਾਂਦੀ ਹੈ ਤੇ ਦੁੱਖਾਂ-ਕਲੇਸ਼ਾਂ ਨੂੰ ਉਹ ਜੋਰ ਨਾਲ ਕਹਿ ਸਕਦਾ ਹੈ- "ਨਸਿਵੰਞਹੁ ਕਿਲਵਿਖਹੁ, ਕਰਤਾ ਘਰਿ ਆਇਆ" (ਪੰਨਾ 460)।

ਇੱਕ ਹੋਰ session ਦਾ topic ਸੀ "ਪਿਆਰ ਕੀ ਹੁੰਦਾ ਹੈ" ਤੇ ਪ੍ਰਭੂ ਨਾਲ ਕਿਵੇਂ ਪਿਆਰ ਪਾਈਦਾ ਹੈ- ਇਸਦਾ ਖੁਲਾਸਾ ਕੀਤਾ ਭਗਤ ਰਵਿਦਾਸ ਜੀ ਦੇ ਸ਼ਬਦ "ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥" (ਪੰਨਾ 653) ਤੇ ਕਬੀਰ ਸਾਹਿਬ ਦੇ ਸ਼ਬਦ "ਮਨੁ ਦੇ ਰਾਮੁ ਲੀਆ ਹੈ ਮੋਲਿ" (ਪੰਨਾ 327) ਨੂੰ ਅਧਾਰ ਬਣਾ ਕੇ। ਪ੍ਰਭੂ ਨਾਲ ਪਿਆਰ ਪੈ ਹੀ ਤਾਂ ਸਕਦਾ ਹੈ ਜੇ ਬਾਕੀਆਂ ਨਾਲ ਮੋਹ ਤੋੜਿਆ ਜਾਵੇ। ਤੁਮ ਸਿਉ ਜੋਰਿ ਅਵਰ ਸੰਗਿ ਤੋਰੀ... (ਪੰਨਾ 658) ਤੇ ਪ੍ਰਭੂ ਨੂੰ ਰਿਝਾਣ ਲਈ ਆਪਣਾ ਆਪ ਸਮਰਪਤ ਕਰਨਾ ਹੀ ਪਵੇਗਾ, ਦੁਨਿਆਵੀ ਕਿਸੇ ਵੀ ਚੀਜ਼ ਦੀ ਭੇਂਟ ਨਾਲ ਪ੍ਰਭੂ ਨਹੀਂ ਪਾਇਆ ਜਾ ਸਕਦਾ ਕਿਉਂਕਿ ਉਹ ਤਾਂ ਕੇਵਲ ਭਾਉ ਭਗਤੀ ਦਾ ਭੁੱਖਾ ਹੈ, ਉਸਨੂੰ ਹੋਰ ਕੁਝ ਨਹੀਂ ਚਾਹੀਦਾ। ਇਸ ਲਈ ਹਰ ਵੇਲੇ ਮਨ ਨੂੰ ਸਮਝਣ ਦੀ ਲੋੜ ਹੈ- "ਰਾਮੁ ਸਿਮਰੁ ਪਛੁਤਾਹਿਗਾ" (ਪੰਨਾ 1106) ਤੇ "ਭਜਹੁ ਗੋਬਿੰਦ ਭੂਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ" (ਪੰਨਾ 1159) ਨਾਮ ਸਿਮਰਨ ਦੁਆਰਾ ਹੀ ਸਾਡੀ ਜਿੰਦਗੀ ਦਾ ਮਕਸਦ, ਪ੍ਰਭੂ ਮਿਲਨ, ਪੂਰਾ ਹੋ ਸਕਦਾ ਹੈ। ਵੈਸੇ ਵੀ ਨਾਮ ਜਪਣ ਨਾਲ ਫਾਇਦਾ ਹੀ ਫਾਇਦਾ ਹੈ, ਇਹ ਕਦੇ ਘਾਟੇ ਦਾ ਸੌਦਾ ਨਹੀਂ ਹੁੰਦਾ, ਫਿਰ ਕਿਉਂ ਨਾ ਜਪੀਏ ਉਹ ਨਾਮ ਜਿਸ ਅੰਦਰ ਇਹ ਤਾਕਤ ਹੈ: "ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ, ਜੋ ਸਭਨਾ ਉਪਰਿ ਹੁਕਮੁ ਚਲਾਏ" (ਪੰਨਾ 89)। ਪ੍ਰਭੂ ਕਿਰਪਾ ਸਦਕਾ ਇਹ ਸਾਰਿਆਂ ਪ੍ਰਤੱਖ ਵੇਖਿਆ ਕਿ ਨਾਮੀ ਸਿੱਖ ਦਾ ਕਿਵੇਂ ਸਾਰੀ ਦੁਨੀਆਂ ਤੇ ਹੁਕਮ ਚਲਦਾ ਹੈ, ਕਰੋੜਪਤੀ ਅਤੇ ਵਡੀ ਪੁਜੀਸ਼ਨਾਂ ਤੇ ਬੈਠੇ ਲੋਕ ਉਸ ਅੱਗੇ ਹੱਥ ਬੰਨ੍ਹ ਕੇ ਖੜੇ ਰਹਿਣ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ।

ਨਾਮ ਕਿਵੇਂ ਜਪਣਾ ਹੈ, ਇਹ ਗੱਲ ਸਮਝਾਈ ਗੁਰਮੁਖ ਪਿਆਰਿਆਂ ਨੇ ਧ੍ਰੂਅ ਤੇ ਭਗਤ ਪ੍ਰਹਿਲਾਦ ਭਗਤਾਂ ਦਾ ਉਦਾਹਰਣ ਪੇਸ਼ ਕਰ ਕੇ- "ਰਾਮੁ ਜਪਉ ਜੀਅ ਐਸੇ ਐਸੇ॥ ਧ੍ਰੂ ਪ੍ਰਹਿਲਾਦਿ ਜਪਿਓ ਹਰਿ ਜੈਸੇ" (ਪੰਨਾ 337), ਜਿਥੇ ਧ੍ਰੂਅ ਭਗਤ ਦਾ ਜੀਵਨ ਸਾਨੂੰ ਪ੍ਰੇਰਨਾ ਦੇਂਦਾ ਹੈ ਕਿ ਛੋਟੀ ਉਮਰ ਤੋਂ ਹੀ ਅਸਾਂ ਪ੍ਰਭੂ ਨੂੰ ਆਪਣੀ Priority No. 1 ਬਨਾਣਾ ਹੈ ਉਥੇ ਪ੍ਰਹਿਲਾਦ ਭਗਤ ਦਾ ਜੀਵਨ ਇਹ ਸੇਧ ਬਖਸ਼ਦਾ ਹੈ ਕਿ ਭਾਵੇਂ ਜਿਤਨੀਆਂ ਮੁਸ਼ਕਲਾਂ ਆਉਣ- ਅੱਗ ਵਿੱਚ ਸਾੜਨ ਦੀ ਕੋਸ਼ਿਸ਼ ਕੀਤੀ ਜਾਏ, ਪਹਾੜ ਤੋਂ ਡੇਗਿਆ ਜਾਏ, ਜੇਲ ਵਿੱਚ ਬੰਦ ਕੀਤਾ ਜਾਏ, ਜਿਤਨੇ ਮਰਜ਼ੀ ਤਸੀਹੇ ਦਿੱਤੇ ਜਾਣ, ਸਿੱਖ ਨੇ ਪ੍ਰਭੂ ਦਾ ਰਸਤਾ ਨਹੀਂ ਛੱਡਣਾ ਕਿਉਂਕਿ ਗੁਰੂ ਨੇ ਉਸਨੂੰ ਦ੍ਰਿੜ ਕਰਾ ਦਿੱਤਾ ਹੈ- "ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ" (ਪੰਨਾ 1367)

ਪ੍ਰਭੂ ਮਾਰਗ ਤੇ ਚਲਣ ਵਾਲੇ ਸਤਿਸੰਗ ਦੀ ਅਹਿਮੀਅਤ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਜਾਣਦੇ ਹਨ ਕਿ ਪ੍ਰਭੂ ਮਿਲਾਪ ਦਾ ਸਾਧਨ ਸਤਿਸੰਗ ਹੀ ਹੈ, ਇਹ ਗੱਲ ਉਜਾਗਰ ਹੋਈ- "ਕਵਣ ਗੁਨ, ਪ੍ਰਾਨਪਤਿ ਮਿਲਉ ਮੇਰੀ ਮਾਇ" (ਪੰਨਾ 204) ਦੇ ਸ਼ਬਦ ਰਾਹੀਂ, ਜਦੋਂ ਸਿੱਖ ਆਪਣੀ ਅਸਮਰਥਤਾ ਤੇ ਨਾਲਾਇਕੀ ਵੇਖਦਾ ਹੈ- "ਨਾਹਿਨ ਦਰਬੁ ਨ ਜੋਬਨ ਮਾਤੀ, ਮੋਹਿ ਅਨਾਥ ਕੀ

*ਕਰਹੁ ਸਮਾਈ"* -ਆਪਣਾ ਆਪ ਪਛਾਣਨ ਨਾਲ ਵੈਰਾਗ ਉਪਜਦਾ ਹੈ ਤੇ ਅੰਦਰੋਂ ਅਰਦਾਸ ਨਿਕਲਦੀ ਹੈ- *"ਖੋਜਤ ਖੋਜਤ ਭਈ ਬੈਰਾਗਨ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ"* ਹਿਰਦੇ ਦੀਆਂ ਗਹਿਰਾਈਆਂ ਚੋਂ ਨਿਕਲੀ ਅਰਦਾਸ ਸੁਣੀ ਜਾਂਦੀ ਹੈ, ਪ੍ਰਭੂ ਕਿਰਪਾ ਕਰਦੇ ਹਨ, ਸਤਿਸੰਗ ਬਖਸ਼ਦੇ ਹਨ, ਪ੍ਰਭੂ ਮਿਲਾਪ ਹੋ ਜਾਂਦਾ ਹੈ, ਜਲਨ ਬੁਝ ਜਾਂਦੀ ਹੈ- *"ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ"* (ਪੰਨਾ 204)।

ਅਸਾਂ ਹਰ ਵੇਲੇ ਆਪਣੀ ਪੜ੍ਹਾਈ ਯਾਦ ਰੱਖਣੀ ਹੈ, ਮਨ ਤੇ ਪੰਜਾਂ ਚੋਰਾਂ ਵਿੱਚ ਫਸ ਕੇ ਮਾਇਆ ਦੀ ਨੀਂਦ ਵਿੱਚ ਸੌ ਨਹੀਂ ਜਾਣਾ ਤੇ ਯਾਦ ਕਰਾਂਦੇ ਰਹਿਣਾ ਹੈ ਆਪਣੇ ਆਪਨੂੰ *"ਕਿਆ ਤੂ ਸੋਇਆ ਜਾਗੁ ਇਆਨਾ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ॥"* (ਪੰਨਾ 793), ਅਸਾਂ ਸਾਰਿਆਂ ਇਥੋਂ ਟੁਰ ਜਾਣਾ ਹੈ, ਨਾਲ ਸਾਡੇ ਕੁਝ ਵੀ ਜਾਣਾ ਨਹੀਂ, ਸੁ ਕਿਉਂ ਨਾ ਪ੍ਰਭੂ ਦੀ ਯਾਦ ਵਿੱਚ ਜੀਵਨ ਬਿਤਾਂਦਿਆਂ ਬੁਰੇ ਕੰਮਾਂ ਤੋਂ ਬਚੇ ਰਹੀਏ ਤੇ ਉਹ ਧਨ ਇਕਤ੍ਰ ਕਰੀਏ ਜੋ ਸਾਡੇ ਨਾਲ ਜਾਏਗਾ ਅਤੇ ਪ੍ਰਭੂ ਦੀ ਦਰਗਾਹ ਵਿੱਚ ਸਾਡੀ ਲਾਜ ਰਖੇਗਾ। ਸੁ ਸਿੱਖ ਨੇ ਹਰ ਵਕਤ ਗੁਰੂ ਦੀ ਚਾਕਰੀ ਕਰਨੀ ਹੈ- *"ਹਮ ਚਾਕਰ ਗੋਬਿੰਦ ਕੇ, ਠਾਕੁਰ ਮੇਰਾ ਭਾਗ"* (ਪੰਨਾ 399) -ਜਿਸ ਚਾਕਰੀ ਵਿੱਚ ਸਾਰੀ ਦੁਨੀਆਂ ਦਾ ਸੁੱਖ, ਸ਼ਾਂਤੀ ਤੇ ਖਜ਼ਾਨੇ ਸਮਾਇ ਹੋਇ ਹਨ, ਇਸ ਚਾਕਰੀ ਚੋਂ ਉਸ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਜਿਸ ਬਾਰੇ ਗੁਰੂ ਅਮਰਦਾਸ ਜੀ ਨੇ ਕਿਹਾ ਹੈ, *"ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ"* (ਪੰਨਾ 917)। ਗੁਰੂ ਦੀ ਚਾਕਰੀ ਕਰਦਾ-ਕਰਦਾ ਸਿੱਖ ਗੁਰੂ ਤੋਂ ਨਾਮ ਦੀ agency ਦੀ ਦਾਤ ਪ੍ਰਾਪਤ ਕਰ ਲੈਂਦਾ ਹੈ *"ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ"* (ਪੰਨਾ 593) ਜਿਸ ਦੇ ਫਲਸਰੂਪ, ਸਿੱਖ ਵੀ ਸਭ ਨੂੰ ਗੁਰ ਉਪਦੇਸ਼ ਦ੍ਰਿੜ ਕਰਾਣ ਦੀ ਸੇਵਾ ਕਰਨ ਲਗ ਪੈਂਦਾ ਹੈ- *"ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸ਼ ਚਲਾਏ"* (ਪੰਨਾ 444)।

5 ਜੂਨ ਤੋਂ 13 ਜੂਨ ਅੰਮ੍ਰਿਤ ਵੇਲੇ ਤਕ ਕੋਈ ਨਿਰੰਤਰ ਅੰਮ੍ਰਿਤ ਵਰਖਾ ਨੇ ਆਪਣਾ ਰੰਗ ਦਿਖਾਇਆ, ਨਾਮ ਦੀ ਕਰਾਮਾਤ ਵੇਖਣ ਦਾ ਸੁਭਾਗ ਮਿਲਿਆ, ਤਪਤ ਕੜਾਹਾ ਬੁਝ ਗਿਆ। ਸਾਡੇ ਸਰਪਰਸਤ 84 ਸਾਲਾਂ ਦੇ ਰਿਟਾਇਰਡ ਚੀਫ ਜਸਟਿਸ ਹੁਰਾਂ ਲਈ Western Style toilet ਦੀ ਲੋੜ ਸੀ। ਸ੍ਰ. ਕ੍ਰਿਪਾਲ ਸਿੰਘ ਜੀ ਦੀ ਕੋਠੀ ਦੇ ਜਿਸ ਦੇ ਕਮਰੇ ਵਿੱਚ ਇਹ ਸੁਵਿਧਾ ਹੈ ਸੀ, ਉਸ ਤੇ ਸੁਰਿੰਦਰਪਾਲ ਸਿੰਘ ਨੇ ਆਪਣਾ ਤਾਲਾ ਮਾਰਿਆ ਹੋਇਆ ਸੀ। ਉਨ੍ਹਾਂ ਨੂੰ ਬੇਨਤੀ ਕਰਨ ਦੇ ਬਾਵਜੂਦ ਉਹ ਦੋ-ਤਿੰਨ ਦਿਨ ਆ ਆਏ, ਖੈਰ ਕ੍ਰਿਪਾਲ ਸਿੰਘ ਜੀ ਨੇ ਲੋੜੀਂਦਾ ਨਵੀਂ toilet ਬਣਵਾ ਲਈ। 9 ਜੂਨ ਨੂੰ ਸੁਰਿੰਦਰਪਾਲ ਸਿੰਘ ਨੇ ਦਰਸ਼ਨ ਦਿੱਤੇ, ਫਿਰ ਆਪਣੀ ਪਤਨੀ ਨੂੰ ਵੀ ਲੈ ਆਏ। ਪਾਪਾ ਜੀ ਨੇ ਬੇਨਤੀ ਕੀਤੀ ਕਿ ਉਹ ਦੋਵੇਂ ਵੇਲੇ ਸਤਿਸੰਗ ਵਿੱਚ ਜਰੂਰ ਆਇਆ ਕਰਨ, ਆਪਣੀ ਮਾਤਾ ਜੀ ਤੇ ਭੈਣਾਂ ਪ੍ਰਤੀ ਗਲਤਫਹਿਮੀਆਂ ਕਾਰਣ ਉਤਪੰਨ ਭਾਵਨਾ ਨੂੰ ਭੁਲਾ ਦੇਣ। ਇਹੀ ਸਲਾਹ ਉਨ੍ਹਾਂ ਬੀਬੀ ਸਤਵੰਤ ਕੌਰ ਤੇ ਬੱਚੀਆਂ ਨੂੰ ਵੀ ਦਿੱਤੀ। ਉਸ ਤੋਂ ਬਾਅਦ ਸੁਰਿੰਦਰਪਾਲ ਤੇ ਸਪਨਾ ਲਗਾਤਾਰ ਸਤਿਸੰਗ ਵਿੱਚ ਆਉਂਦੇ ਰਹੇ, ਅੰਮ੍ਰਿਤਮਈ ਨਾਮ ਨੇ ਉਨ੍ਹਾਂ ਅੰਦਰ ਘਰ ਕਰ ਬੈਠੀ ਦਵੈਸ਼ ਭਾਵਨਾ ਨੂੰ ਧੋ ਕੇ ਸਭ ਲਈ ਐਸਾ ਪਿਆਰ ਭਰਿਆ ਕਿ ਉਨ੍ਹਾਂ ਦੇ "ਭਲੇ ਦਿਨਸ ਓਇ ਆਏ"। ਬਗੈਰ ਕਿਸੇ ਦੇ ਕਹਿਣ ਤੇ, ਉਨ੍ਹਾਂ 13 ਜੂਨ ਅੰਮ੍ਰਿਤ ਵੇਲੇ 4:15 ਵਜੇ ਆ ਕੇ ਪਾਪਾ ਜੀ ਤੇ ਸਾਰੇ ਸਜਣਾਂ ਦੀ ਮੌਜੂਦਗੀ ਵਿੱਚ ਕਮਰੇ ਦਾ ਤਾਲਾ ਖੋਲ ਕੇ ਆਪਣਾ ਕਬਜਾ ਛਡ ਦਿੱਤਾ। ਸਾਰੇ ਹੈਰਾਨ ਰਹਿ ਗਏ ਕਿ ਨਾਮ ਨੇ ਕੀ ਜਾਦੂ ਕਰ ਦਿੱਤਾ ਹੈ, ਨਾਮ ਦੀ ਸ਼ਕਤੀ ਅਗੇ ਸਭ ਦੇ ਸ਼ੀਸ ਝੁਕ ਗਏ।

ਸੁਭਾਵਿਕ ਸੀ, ਸਾਰਾ ਪਰਿਵਾਰ ਖੇੜੇ ਵਿੱਚ ਆ ਗਿਆ, ਸਾਰੇ ਘਰ ਅੰਦਰ ਠੰਢ ਵਰਤ ਗਈ, ਕਲੇਸ਼ ਤੇ ਸਾਰਾ ਖਤਮ ਹੋ ਗਿਆ। ਭੈਣਾਂ ਜਿਸ ਭਰਜਾਈ ਦੀ ਨੇੜੇ ਨਹੀਂ ਸਨ ਲਗਦੀਆਂ (and vice versa) ਉਹ ਹੁਣ ਇੱਕ ਦੂਜੇ ਨਾਲ ਪਿਆਰ ਕਰਨ ਲਗ ਪਈਆਂ, ਹਰ ਕੋਈ ਕਹਿੰਦਾ ਗਲਤੀ ਮੇਰੀ ਸੀ, ਗਲਤੀ ਮੇਰੀ ਸੀ, ਹੁਣ ਅਸੀਂ ਇਸ ਗੱਲ ਦਾ ਧਿਆਨ ਰੱਖਾਂਗੇ- ਨਾਮ ਦਾ ਓਟ ਆਸਰਾ ਲੈ ਕੇ, ਚਉਗਿਰਦ ਰਾਮਕਾਰ ਲਾ ਕੇ, ਕਿ ਘਿਰਣਾ ਦੀ ਅੱਗ ਕਿਸੇ ਕਾਰਣ ਫਿਰ ਨਾ ਲਗ ਜਾਏ। ਅੰਮ੍ਰਿਤ ਵੇਲਾ ਜਰੂਰ ਕਰਾਂਗੇ, ਐਸਾ ਸਭ ਨੇ ਪ੍ਰਣ ਕੀਤਾ ਤੇ ਸਾਰੇ ਆਪਣੇ ਅੰਦਰ ਦੀ ਨਿਰੰਤਰ ਖੋਜ ਕਰਨ ਵਿੱਚ ਤੇ ਆਪਣੀਆਂ ਗਲਤੀਆਂ ਢੂੰਢਣ ਵਿੱਚ ਲਗ ਗਏ। ਮਹਿੰਦਰ ਸਿੰਘ ਤੇ ਗੁਰਿੰਦਰ ਸਿੰਘ ਦੀ frustration ਦੂਰ ਹੋ ਗਈ ਸੀ ਤੇ ਉਹ ਸਮਝ ਗਏ ਕਿ ਜਿੰਦਗੀ ਦਾ

ਉਦੇਸ਼ ਗੋਬਿੰਦ ਮਿਲਨ ਹੈ, ਚੰਗੀ ਨੌਕਰੀ ਤੇ ਪੈਸਾ ਕਮਾਣਾ ਨਹੀਂ।

ਨਾਮ ਜਾਦੂ ਦੇ ਇਸ ਕਮਾਲ ਨੂੰ ਦ੍ਰਿੜ ਕਰਾਣ ਲਈ ਪਾਪਾ ਜੀ ਨੇ 13 ਜੂਨ ਦੇ ਅੰਮ੍ਰਿਤ ਵੇਲੇ *"ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ॥ ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ"* (ਪੰਨਾ 814) ਸ਼ਬਦ ਪੜ੍ਹਿਆ, ਵਿਆਖਿਆ ਕੀਤੀ ਤੇ ਸਭ ਅਗੇ ਜੋਦੜੀ ਕੀਤੀ ਕੀ ਹੁਣ ਇਸ ਘਰ ਨੂੰ ਪੁਰਾਣੀ ਹਾਲਤ ਵਿੱਚ ਨਹੀਂ ਜਾਣ ਦੇਣਾ, ਗੁਰੂ ਦੀ ਚਾਕਰੀ ਕਰ ਕੇ ਸਦਾ ਅਨੰਦ ਵਿੱਚ ਰਹਿਣਾ ਤੇ ਅਨੰਦ ਹੀ ਵੰਡਣਾ ਹੈ।

ਸਰਬ ਰੋਗ ਦਾ ਅਉਖਦ ਨਾਮ ਦੀ ਇੱਕ ਹੋਰ ਪ੍ਰਤੱਖ ਮਿਸਾਲ ਦੇਖੀ। ਸਤਵੰਤ ਕੌਰ ਜੀ ਦੀ ਇੱਕ ਪੰਜਾਬੀ ਹਿੰਦੂ ਸਹੇਲੀ ਦਾ ਪੁੱਤ੍ਰ ਸੋਨੂ - ਜੋ ਇੱਥੇ ਨੌਜਵਾਨ Scientist ਹੈ ਤੇ ਭਾਰਤ ਸਰਕਾਰ ਵਲੋਂ Young Scientist ਦਾ ਖਿਤਾਬ ਪਾ ਚੁੱਕਾ ਹੈ, ਵਿਆਹ ਤੋਂ ਬਾਅਦ ਆਪਣੇ ਘਰ ਅੰਦਰ ਨੂੰਹ-ਸੱਸ ਦੇ ਝਗੜੇ ਕਾਰਣ depression ਦਾ ਸ਼ਿਕਾਰ ਹੋ ਗਿਆ ਸੀ- ਆਖਿਰੀ ਦਿਨ ਪਾਪਾ ਜੀ ਨੂੰ ਮਿਲਨ ਆਇਆ। ਉਨ੍ਹਾਂ ਨਾਮ ਦੀ ਗੱਲ ਸਮਝਾਈ, ਆਪਾ ਮਾਰਨ ਦੀ ਗੁਰਮਤ ਸੋਝੀ ਸਮਝਾਈ ਤੇ ਹਰ ਵੇਲੇ ਆਪਣੇ ਗੁਨਾਹਾਂ ਨੂੰ ਵੇਖ ਵੇਖ ਕੇ ਸਾਰਿਆਂ ਦੀ ਚਰਣ ਧੂੜ ਬਣਨ ਦੀ ਜਾਂਚ ਦੱਸੀ। ਦੂਜੇ ਪਾਸੇ ਮਾਂ ਨੂੰ ਸਪਸ਼ਟ ਤੇ ਬਿਨ੍ਹਾਂ ਕਿਸੇ ਲਿਹਾਜ ਦੇ ਕਿਹਾ ਕਿ ਉਹ ਨੂੰਹ-ਪੁੱਤ੍ਰ ਦੇ ਜੀਵਨ ਵਿੱਚ ਦਖਲ ਨਾ ਦੇਣ, ਇਹ ਨਾ ਭੁੱਲਣ ਕਿ ਉਹ ਕਦੇ ਨੂੰਹ ਬਣ ਕੇ ਆਏ ਸਨ।

ਨਾਮੀ ਅੰਦਰਲਾ ਪ੍ਰਭੂ ਪਿਆਰ ਕਿਵੇਂ ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ ਦੇ ਸਾਰੇ ਬੰਧਨ ਤੋੜ ਕੇ ਬੰਦੇ ਨੂੰ ਵਿੰਨ੍ਹ ਲੈਂਦਾ ਹੈ, ਇਸਦੀ ਮਿਸਾਲ ਵੀ ਵੇਖੀ। ਕ੍ਰਿਪਾਲ ਸਿੰਘ ਹੁਰਾਂ ਦੇ ਘਰ ਦਾ ਨੌਕਰ, ਗੜ੍ਹਵਾਲ ਨਿਵਾਸੀ ਰਾਜੂ (ਰੋਟੀ ਪਕਾਣ ਵਾਲਾ), ਸਾਰੇ ਸਤਿਸੰਗੀਆਂ ਦੇ ਪ੍ਰੇਮਪੂਰਨ ਵਤੀਰੇ ਤੋਂ ਇਤਨਾ ਕਾਇਲ ਹੋਇਆ ਕਿ ਸੰਗਤ ਦੇ ਵਾਪਸ ਪਰਤਣ ਤੋਂ ਬਾਅਦ 14 ਜੂਨ, ਉਸਨੂੰ ਉਦਾਸੀ ਨੇ ਘੇਰ ਲਿਆ, ਉਹ ਰਹਿ ਨਾ ਸਕਿਆ, STD Booth ਤੋਂ ਦਿੱਲੀ ਫੋਨ ਕੀਤਾ, ਸਾਡੇ ਇੱਕ ਸਤਿਸੰਗੀ ਦੇ ਘਰ- "ਜਬ ਸੇ ਆਪ ਲੋਗ ਗਏ ਹੈਂ, ਮੇਰਾ ਮਨ ਨਹੀਂ ਲਗਤਾ, ਘਰ ਸੂਨਾ-ਸੂਨਾ ਲਗ ਰਹਾ ਹੈ, ਕਭੀ ਉਪਰ ਜਾਤਾ ਹੂੰ, ਕਭੀ ਨੀਚੇ, ਆਪ ਸਭ ਕੀ ਬਹੁਤ ਯਾਦ ਆ ਰਹੀ ਹੈ, ਮੈਂ ਦੋ-ਤੀਨ ਦਿਨ ਬਾਅਦ ਦਿੱਲੀ ਆ ਰਹਾ ਹੂੰ, ਆਪ ਲੋਗੋਂ ਸੇ ਜਰੂਰ ਮਿਲੂੰਗਾ।" ਹੈ ਨਾ ਗੁਰੂ ਦੇ ਸਿਖਾਏ ਪਿਆਰ ਦੇ ਜਾਦੂ ਦੀ ਕਰਾਮਾਤ।

ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦਾ ਇੱਕ ਹੋਰ ਕਮਾਲ ਵੇਖਣ ਦਾ ਸੁਭਾਗ ਮਿਲਿਆ। ਜੇਕਰ ਸਿੱਖ ਪੂਰੀ ਈਮਾਨਦਾਰੀ ਨਾਲ ਗੁਰੂ ਦੇ ਹੁਕਮਾਂ ਤੇ ਜੀਵਨ ਢਾਲ ਕੇ ਆਪਣੇ ਜੀਵਨ ਅੰਦਰੋਂ ਉਹ ਸਾਂਝੀਵਾਲਤਾ ਪ੍ਰਗਟ ਕਰੇ ਜਿਸਦਾ ਪ੍ਰਤੀਕ ਗੁਰੂ ਗ੍ਰੰਥ ਸਾਹਿਬ ਹਨ ਤਾਂ ਸਾਰੀ ਦੁਨੀਆਂ ਸਿੱਖ ਅਗੇ ਸਿਰ ਨਿਵਾ ਦੇਂਦੀ ਹੈ। ਚੰਡੀਗੜ੍ਹ ਸਤਿਸੰਗ ਵਿੱਚ ਹਿੰਦੂ ਪਰਿਵਾਰ ਵੀ ਸ਼ਾਮਿਲ ਹੁੰਦੇ ਰਹੇ, ਜਵਾਨ ਬੱਚੇ-ਬੱਚੀਆਂ ਸਾਰੀ intititions ਪਰੇ ਹਟਾ ਕੇ ਪਾਪਾ ਜੀ ਤੇ ਸਾਰਿਆਂ ਨਾਲ ਇੰਜ ਪਿਆਰ ਕਰਦੇ ਜਿਵੇਂ ਉਹ ਉਨ੍ਹਾਂ ਦੇ ਆਪਣੇ ਪਿਤਾ-ਭਰਾ, ਦਾਦਾ, ਬਜ਼ੁਰਗ ਹੋਣ, *"ਜੋ ਹਰਿ ਕਾ ਪਿਆਰਾ ਸੋ ਸਭਨਾ ਦਾ ਪਿਆਰਾ"* (ਪੰਨਾ 555) ਦੀ ਸਚਾਈ ਪ੍ਰਤੱਖ ਵੇਖੀ।

ਪ੍ਰੇਮ ਦੀ ਇਸ ਹਨੇਰੀ ਨੇ ਸੁਭਾਵਿਕ ਸੀ, ਸ੍ਰ. ਕ੍ਰਿਪਾਲ ਸਿੰਘ, ਉਨ੍ਹਾਂ ਦੇ ਸਾਰੇ ਪਰਿਵਾਰ ਤੇ ਗੁਆਂਢੀਆਂ ਦੇ ਮਨਾਂ ਤੇ ਗਹਿਰਾ ਪ੍ਰਭਾਵ ਪਾਇਆ। ....... ਅੰਮ੍ਰਿਤ ਵੇਲੇ ਕੀਰਤਨ ਦੀ ਸਮਾਪਤੀ ਪੁਰ ਕ੍ਰਿਪਾਲ ਸਿੰਘ ਜੀ ਨੇ ਬੜੇ ਭਾਵੁਕ ਲਫਜਾਂ ਵਿੱਚ ਜੋ ਕੁਝ ਕਿਹਾ ਉਸਨੂੰ ਇਥੇ ਦਰਜ ਕਰ ਕੇ ਮੈਂ ਗੁਰਮੁਖ ਪਿਆਰਿਆਂ (ਪਾਪਾ ਜੀ) ਦੀ ਨਾਰਾਜ਼ਗੀ ਨਹੀਂ ਹਾਸਿਲ ਕਰਨੀ ਚਾਹੁੰਦਾ, ਹਾਂ ਪਾਪਾ ਜੀ ਨੇ ਇਸ ਵਡਿਆਈ ਦੇ ਜੁਆਬ ਵਿੱਚ 5 ਮਿਨਟ ਦੇ ਕੀਰਤਨ ਦੁਆਰਾ ਜੋ ਉਦਗਾਰ ਪ੍ਰਗਟ ਕੀਤੇ ਉਹ ਕੁਝ ਇਸ ਪ੍ਰਕਾਰ ਹਨ:

* *ਮੁਝ ਮੇ ਤੋ ਕੋਈ ਗੁਨ ਨਹੀ ਨਾ ਥਾ ਨਾ ਹੋਗਾ॥*
*ਪ੍ਰਭੂ, ਤੇਰੇ ਪਤਿਤਪਾਵਨ ਹੋਨੇ ਕਾ ਯੇ ਸਬੂਤ ਹੀ ਹੋਗਾ॥*

* *"ਹਰਿ ਜੀਉ ਨਿਮਾਣਿਆ ਤੂ ਮਾਣੁ"*.... (ਪੰਨਾ 624)

* *"ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ"* (ਪੰਨਾ 735)

* *"ਹਰਿ ਕੀ ਵਡਿਆਈ ਹਰਿ ਭਾਵਦੀ ਜਨ ਕਾ ਜੈਕਾਰ ਕਰਾਏ"*... (ਪੰਨਾ )

* *"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ"*... (ਪੰਨਾ 167)

* "ਜੇ ਲੋਕੁ ਸਲਾਹੇ ਤਾ ਤੇਰੀ ਉਪਮਾ..." (ਪੰਨਾ 757)

* "ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ" (ਪੰਨਾ 383)

* " ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ" (ਪੰਨਾ 1316)

ਇਹ ਸੀ ਇੱਕ ਨਿੱਕੀ ਜਿਹੀ ਝਲਕ ਉਸ ਸਤਿਸੰਗ ਸਮਾਗਮ ਦੀ ਜਿਸ ਵਿੱਚ ਨਾ ਵਡੇ-ਵਡੇ ਪੰਡਾਲ ਸਨ, ਨਾ ਵਡੇ-ਵਡੇ ਕੀਰਤਨੀਏ ਤੇ ਪ੍ਰਚਾਰਕ, ਪਰ ਜਿਸ ਵਿੱਚ ਨਾ ਕੇਵਲ ਹਰ ਪਲ ਪ੍ਰਭੂ ਦੀ ਹਜ਼ੂਰੀ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ, ਇਸ ਕੀਰੇ ਕਿਰਮ ਨੂੰ, ਨਾਲ ਹੀ ਇਹ ਵੀ ਪ੍ਰਤੱਖ ਵੇਖਿਆ ਕਿ ਕਿਵੇਂ ਨਾਮ ਹਰ ਪਾਸੇ ਲਗੀ ਆਗ ਬੁਝਾ ਕੇ ਸੀਤਲਤਾ ਪ੍ਰਦਾਨ ਕਰਦਾ ਹੈ। ਸਾਰੀ ਸੰਗਤ ਮੇਰੇ ਗਰੀਬ ਲਈ ਅਰਦਾਸ ਕਰੇ ਕਿ ਮੇਰੇ ਮਨਹੁ ਨਾ ਵਿਸਰਹਿ ਵਾਹਿਗੁਰੂ, ਮੈਂ ਵੀ ਸਭ ਦੀ ਚਰਣ ਧੂੜ ਬਣ ਕੇ ਗੁਰੂ ਕਿਰਪਾ ਦੀ ਭੀਖਿਆ ਲਈ ਅਰਦਾਸ ਕਰ ਸਕਾਂ।

* "ਕਿਰਪਾ ਕਰਹੁ ਦੀਨ ਕੇ ਦਾਤੇ, ਮੇਰਾ ਗੁਨ ਅਵਗਣੁ ਨਾ ਬੀਚਾਰਹੁ ਕੋਈ" (ਪੰਨਾ 882)
* "ਖੈਰ ਦੀਜੈ ਬੰਦਗੀ .... (ਪੰਨਾ 488)
* "... ਹਰਿ ਦੀਜੈ ਨਾਮੁ ਪਿਆਰੀ ਜੀਉ" (ਪੰਨਾ 597)


**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ
**ਗੁਰਸਿੱਖ ਸੰਜੋਗ**
(ਪੰਦਰਾ-ਰੋਜ਼ਾ ਪੱਤਰ)
ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5735955

With compliments from
H.S. Pasricha
F.C.A.
President

THE INSTITUTE OF COMPUTER ACCOUNTANTS OF INDIA

1225, SECTOR: 34-C, CHANDIGARH - 160 022, PHONE: 605950

HOTEL AROMA COMPLEX
Himalaya Marg, Sector 22-C, Chandigarh 160 022
Phone : 700045-48 Fax : 0172-700051

# ਰੰਗਲੇ ਸਾਜਨ

**ਸਰਦਾਰਾ ਸਿੰਘ***

ਰਾਗ ਸੂਹੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੇਠ ਲਿਖਿਆ ਸ਼ਬਦ, ਉਨ੍ਹਾਂ ਵਲੋਂ ਅਕਾਲ ਪੁਰਖ ਜੀ ਨੂੰ ਸੰਬੋਧਨ ਹੈ:

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥**
**ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥**
**ਕਉੜਾ ਬੋਲਿ ਨ ਜਾਨੈ ਪੂਰਨ**
**ਭਗਵਾਨੈ ਅਉਗਣੁ ਕੋ ਨ ਚਿਤਾਰੇ॥**
**ਪਤਿਤ ਪਾਵਨ ਹਰਿ ਬਿਰਦ ਸਦਾਏ**
**ਇਕੁ ਤਿਲੁ ਨਹੀ ਭੰਨੈ ਘਾਲੇ॥**
**ਘਟ ਘਟ ਵਾਸੀ ਸਰਬ ਨਿਵਾਸੀ**
**ਨੇਰੈ ਹੀ ਤੇ ਨੇਰਾ॥**
**ਨਾਨਕ ਦਾਸੁ ਸਦਾ ਸਰਣਾਗਤਿ**
**ਹਰਿ ਅੰਮ੍ਰਿਤ ਸਜਣੁ ਮੇਰਾ॥੧॥੭੮੪॥**

ਸਤਿਗੁਰੂ ਜੀ ਪ੍ਰਭੂ ਦੇ ਪ੍ਰੇਮ ਵਿੱਚ ਮਗਨ ਹੋ ਕੇ, ਪ੍ਰਮਾਤਮਾ ਨੂੰ ਆਪਣਾ ਮਿੱਤ੍ਰ ਬਣਾ ਕੇ ਆਖਦੇ ਹਨ ਕਿ ਮੇਰਾ ਸੁਆਮੀ ਬੜਾ ਹੀ ਮਿੱਠ ਬੋਲੜਾ ਹੈ। ਇਸ ਮਿਤ੍ਰ ਨੂੰ ਅੱਗੇ ਆਪਣਾ ਮਾਲਿਕ ਵੀ ਆਖਦੇ ਹਨ ਕਿ ਮੇਰਾ ਸੁਆਮੀ, ਮੇਰਾ ਪਿਆਰਾ ਮਿੱਤ੍ਰ ਹੈ ਅਤੇ ਉਹ ਅੰਮ੍ਰਿਤ ਬਚਨ ਬੋਲਦਾ ਹੈ। ਹੋਰ ਰੰਗ ਬੰਨ੍ਹਦੇ ਹਨ ਜਦੋਂ ਉਸ ਸੱਜਨ ਨੂੰ ਮਾਲਿਕ ਤੇ ਮਿੱਤ੍ਰ ਦੀ ਥਾਂ ਹੁਣ ਆਪ ਇਸਤ੍ਰੀ ਰੂਪ ਹੋ ਕੇ, ਪ੍ਰਭੂ ਪ੍ਰਤੀ ਆਪਣੀ ਭਾਵਨਾ ਪ੍ਰਗਟ ਕਰਦੇ ਹਨ ਅਤੇ ਇਸਤ੍ਰੀ ਲਿੰਗ ਸ਼ਬਦ "ਹਉ ਸੰਮਲਿ ਥਕੀ" ਵਰਤਦੇ ਹਨ। ਮੈਂ ਬਥੇਰਾ ਚੇਤਾ ਕਰ ਰਹੀ ਹਾਂ ਕਿ ਸ਼ਾਇਦ ਮੇਰੇ ਪਤੀ ਗੁਰਦੇਵ ਕਦੇ ਕਉੜਾ ਬੋਲੇ ਹੋਣਗੇ। ਪਰ ਮੈਨੂੰ ਯਾਦ ਹੀ ਨਹੀਂ ਆ ਰਿਹਾ। ਯਾਦ, ਤਾਂ ਆਵੇ, ਜੇ ਕੌੜੇ ਬੋਲੇ ਹੋਣ ਉਹ ਕਦੇ ਕੌੜਾ ਬੋਲਦੇ ਹੀ ਨਹੀਂ ਐਸੇ ਮਿੱਠੜੇ ਬੋਲ ਬੋਲਦੇ ਹਨ ਕਿ ਮੇਰਾ ਮਨ ਮੋਹਿਆ ਗਿਆ ਹੈ। ਭਾਵੇਂ ਮੈਂ ਆਉਗੁਣ ਭਰੀ ਹਾਂ, ਮੇਰੇ ਵਿੱਚ ਅਨੇਕਾਂ ਹੀ ਕਮੀਆਂ ਹਨ, ਪਰ ਕੌੜਾ ਬੋਲਣਾ, ਫਿੱਕਾ ਬੋਲਣਾ ਉਹ ਜਾਣਦੇ ਹੀ ਨਹੀਂ! ਪੂਰਨ ਭਗਵਾਨ ਜੋ ਹੋਏ। ਅਧੂਰੇ ਨਹੀਂ ਪੂਰੇ, ਬਿਲਕੁਲ ਪੂਰੇ। ਕਦੇ ਵੀ ਮੇਰੇ ਅਉਗੁਣਾਂ ਨੂੰ ਸਾਹਮਣੇ ਲਿਆ ਕੇ ਮੇਰੇ ਨਾਲ ਗੁੱਸੇ ਨਹੀਂ ਹੁੰਦੇ। 'ਪਤਿਤ ਪਾਵਨ' ਜੋ ਹੋਏ। ਪਤਿਤਾਂ ਨੂੰ ਪਵਿੱਤ੍ਰ ਕਰਨ ਵਾਲੇ। ਇਹ ਉਨ੍ਹਾਂ ਦਾ ਸੁਭਾਅ ਹੈ, ਫੇਰ ਗੁੱਸਾ ਕਿਉਂ ਕਰਨ। ਉਨ੍ਹਾਂ ਨੇ ਤਾਂ ਪਾਪੀਆਂ ਨੂੰ ਵੀ ਤਾਰਿਆ ਹੈ ਅਤੇ ਤਾਰਦੇ ਹਨ। ਮੈਂ ਹਾਂ ਤਾਂ ਅਉਗਣ ਹਾਰੀ ਪਰ ਜੇਕਰ ਚੰਗਾਂ ਕੰਮ ਕਰਾਂ ਭਾਵੇਂ ਤਿਲ ਜਿਨ੍ਹਾਂ ਕੁ ਵੀ ਹੋਵੇ, ਉਸ ਦਾ ਮਿੱਠਾ ਫਲ ਮੈਨੂੰ ਜ਼ਰੂਰ ਦਿੰਦੇ ਹਨ, ਹਾਂ ਜੀ! ਉਹ ਪਿਆਰ ਹੀ ਪਿਆਰ ਨਾਲ ਲੱਥ-ਪੱਥ ਹਨ।

ਐਸੇ ਹਨ, ਅਕਾਲ ਪੁਰਖ ਜੀ। 'ਕਰਤਾ ਪੁਰਖੁ' ਹਨ। 'ਪੁਰਖ' ਉਸ ਦਾ ਨਾਂ ਹੈ ਜੋ ਘਟਿ ਘਟਿ ਵਿਚ ਰਵ ਰਿਹਾ ਹੈ। ਜ਼ੱਰੇ ਜ਼ੱਰੇ ਦਾ ਨਿਵਾਸੀ ਹੈ। ਬੜਾ ਭੁਲੇਖਾ ਹੈ ਸਾਡੇ ਮਨਾਂ ਵਿਚ ਕਿ ਰੱਬ ਦਿੱਸਦਾ ਨਹੀਂ। ਉਹ ਦੂਰ ਹੈ। ਹੈ ਵੀ ਕਿ ਨਹੀਂ? ਪੰਚਮ ਪਾਤਸ਼ਾਹ ਜੀ ਗਵਾਹੀ ਭਰਦੇ ਹਨ ਕਿ ਮਾਲਿਕ ਨੇੜੇ ਤੋਂ ਵੀ ਨੇੜੇ ਹੈ। ਦੂਰ ਨਹੀਂ। ਜ਼ਰਾ ਸੋਚੋ, ਜੋ ਜ਼ੱਰੇ ਜ਼ੱਰੇ ਵਿਚ, ਹਰ ਦਿਨ ਦੇ ਵਿੱਚ ਸਮਾਇਆ ਹੋਇਆ ਹੋਵੇ, ਉਹ ਦੂਰ ਕਿਵੇਂ ਹੋ ਸਕਦਾ ਹੈ। ਆਪ ਜੀ ਆਖਦੇ ਹਨ, "ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥" ਉਹ ਤਾਂ ਹੱਥਾਂ ਪੈਰਾਂ ਤੋਂ ਵੀ ਨੇੜੇ ਹੈ। ਵੇਖਣ ਵਾਲੀ ਅੱਖ ਚਾਹੀਦੀ ਹੈ। "ਨਾਨਕ ਸੇ ਅਖੜੀਆਂ ਬਿਅੰਨਿ" ਉਹ ਅੱਖਾਂ ਹੋਰ ਹੀ ਹਨ। ਇਨ੍ਹਾਂ ਅੱਖਾਂ ਨਾਲ ਵੇਖਣਾ ਮੁਸ਼ਕਿਲ ਹੈ। ਉਹ ਗਿਆਨ ਦੀਆਂ ਅੱਖਾਂ ਹਨ। ਅੰਦਰਲੀਆਂ ਅੱਖਾਂ ਹਨ। ਦਸਮ ਦੁਆਰ ਦੇ ਖੁੱਲ੍ਹਣ ਤੇ ਪ੍ਰਾਪਤ ਹੁੰਦੀਆਂ ਹਨ। ਉਨ੍ਹਾਂ ਨਾਲ ਦੇਖੀਦਾ ਹੈ। ਕਦੋਂ? ਜਦੋਂ ਸ਼ਰਨਾਗਤਿ ਵਿਚ ਆਉਣ ਕਰਕੇ ਬਖਸ਼ਿਸ਼ ਹੋ ਜਾਵੇ। ਫੇਰ ਜਦੋਂ ਉਹ ਅੱਖੀਆਂ ਵੇਖ ਲੈਂਦੀਆਂ ਹਨ, ਪ੍ਰਭੂ ਦੇ ਸਰੂਪ ਨੂੰ! ਤਾਂ ਜਗਿਆਸੂ ਕਹਿ ਉਠਦਾ ਹੈ:

ਮੈਂ ਬਸ ਉਸ ਦੇ ਚਰਨ ਜਪ ਜਪ ਕੇ ਜਿਉਂਦਾ ਪਿਆ ਹਾਂ ਅਤੇ ਇਸ ਸੰਸਾਰ ਦੇ ਭਵ ਸਾਗਰ ਤੋਂ ਪਾਰ ਹੋ ਜਾਵਾਂਗਾ। ਐਸੇ ਅਪਰੰਪਾਰ ਵਾਹਿਗੁਰੂ ਦੀ ਸ਼ਰਣ ਵਿਚ ਰਹਿਣਾ ਹੀ ਸੁਖਦਾਈ ਹੈ। ਉਸ ਪ੍ਰਭੂ ਦਾ ਦਰ ਮੈਂ ਕਦੇ ਵੀ ਨਹੀਂ ਛੱਡ ਸਕਦਾ, ਉਹ ਤਾਂ ਮੇਰੇ ਪ੍ਰਾਣਾਂ ਦਾ ਆਧਾਰ ਹੋ ਚੁੱਕੇ ਹਨ:

**ਹਉ ਬਿਸਮੁ ਭਈ ਜੀ**
**ਹਰਿ ਦਰਸਨੁ ਦੇਖਿ ਅਪਾਰਾ॥**
**ਮੇਰਾ ਸੁੰਦਰੁ ਸੁਆਮੀ ਜੀ**
**ਹਉ ਚਰਨ ਕਮਲ ਪਗ ਛਾਰਾ॥**
**ਪ੍ਰਭ ਪੇਖਤ ਜੀਵਾ ਠੰਢੀ ਥੀਵਾ**
**ਤਿਸੁ ਜੇਵਡੁ ਅਵਰ ਨ ਕੋਈ॥**

* ਕੋਠੀ ਨੰ: 254, ਫੇਜ਼-2, ਐੱਸ. ਏ. ਐੱਸ. ਨਗਰ, ਮੋਹਾਲੀ, ਜ਼ਿਲ੍ਹਾ ਰੋਪੜ

ਆਦਿ ਅੰਤਿ ਮਧਿ ਪ੍ਰਭੁ ਰਵਿਆ
ਜਲਿ ਥਲਿ ਮਹੀਅਲ ਸੋਈ॥
ਚਰਨ ਕਮਲ ਜਪਿ ਸਾਗਰੁ ਤਰਿਆ
ਭਵਜਲ ਉਤਰੇ ਪਾਰਾ॥
ਨਾਨਕ ਸਰਣਿ ਪੂਰਨ ਪਰਮੇਸੁਰ
ਤੇਰਾ ਅੰਤੁ ਨ ਪਾਰਾਵਾਰਾ॥੨॥੧॥੭੮॥

ਗੁਰੂ ਸਾਹਿਬ ਇਸਤ੍ਰੀ ਰੂਪ ਹੋ ਕੇ ਬੋਲਦੇ ਹਨ, ਓਹੋ! ਮੈਂ ਤਾਂ ਬਿਸਮਾਦ ਹੀ ਹੋ ਗਈ। ਅਪਣੇ ਪਤੀ ਪਰਮੇਸਰ ਦੇ ਦਰਸ਼ਨ ਦੇਖ ਕੇ ਮੈਂ ਤਾਂ ਹੈਰਾਨ ਹੀ ਰਹਿ ਗਈ। ਐਸਾ ਦਰਸ਼ਨ! ਐਸਾ ਦਰਸ਼ਨ!! ਜਿਸ ਦੀ ਝਾਲ ਝੱਲੀ ਨਹੀਂ ਜਾਂਦੀ। ਪਰੇ ਤੋਂ ਪਰੇ, ਬਿਆਨ ਤੋਂ ਪਰੇ, ਬਿਆਨ ਤੋਂ ਪਰੇ। ਸੁੰਦਰ ਕੈਸੇ? ਕੁਝ ਨਹੀਂ ਕਹਿ ਸਕਦੇ, ਵਰਨਣ ਨਹੀਂ ਹੋ ਸਕਦਾ। ਕੋਈ ਸ਼ਬਦ ਨਹੀਂ ਮੇਰੇ ਪਾਸ ਕਿ ਕਹਿ ਸਕਾਂ। ਮੈਂ ਤਾਂ ਬਸ ਉਸ ਦੇ ਚਰਨਾਂ ਦੀ ਧੂੜੀ ਹੀ ਹਾਂ। ਉਸ ਜਿਹਾ ਕੋਈ ਹੋਰ ਹੈ ਹੀ ਨਹੀਂ। ਅਪਣੇ ਜਿਹਾ ਉਹ ਆਪ ਹੀ ਹੈ। ਸੁੰਦਰਤਾ ਦਾ ਭੰਡਾਰ ਹਨ। ਦੇਖ ਦੇਖ ਕੇ ਮੈਂ ਤਾਂ ਬਲਿਹਾਰੇ ਹੀ ਬਲਿਹਾਰੇ ਜਾਂਦੀ ਹਾਂ ਸਦਕੇ ਜਾਂਦੀ ਹਾਂ। ਮੇਰ ਹਿਰਦੇ ਅੰਦਰ ਸ਼ਾਂਤੀ ਵਰਤ ਗਈ ਹੈ। ਮੇਰਾ ਮਨ ਤਨ ਠੰਡਾ (ਸੀਤਲ) ਹੋ ਗਿਆ ਹੈ। ਅਨੰਦ ਨਾਲ ਭਰਪੂਰ ਹੋ ਗਿਆ ਹੈ। ਬਸ ਪ੍ਰੇਮ ਹੀ ਪ੍ਰੇਮ! ਅਨੰਦ ਹੀ ਅਨੰਦ!! ਲੱਜ਼ਤ ਹੀ ਲੱਜ਼ਤ!!! ਫੇਰ ਉਹ ਕੇਵਲ ਮੇਰੇ ਪਾਸ ਹੀ ਨਹੀਂ, ਬਲਕਿ 'ਜਲਿ ਥਲਿ ਮਹੀਅਲਿ' ਹੈ। ਉਹ ਤਾਂ ਮੇਰੇ ਨਾਲ ਵੀ ਬੈਠਾ ਹੈ ਅਤੇ ਮੇਰੀਆਂ ਹੋਰ ਸਹੇਲੀਆਂ (ਗੁਰਸਿੱਖਾਂ) ਕੋਲ ਵੀ ਬੈਠਾ ਹੈ। ਸਾਰੇ ਗੁਰਮੁਖਾਂ ਕੋਲ ਹੈ ਅਤੇ ਮਨਮੁੱਖਾਂ ਵਿੱਚ ਵੀ ਹੈ। ਮਨਮੁੱਖ ਕਿਉਂਕਿ ਮਨ ਦੇ ਪਿੱਛੇ ਹਨ, ਮਨ ਦੇ ਲਾਈਲੱਗ ਹਨ। ਖੋਟੇ ਮਨ ਦੇ ਪਿਛੇ ਫਿਰਦੇ ਹਨ ਜੋ ਕੇਵਲ ਉਸ ਦੀ ਰਚੀ ਹੋਈ ਸ੍ਰਿਸ਼ਟੀ ਦੇ ਵਿਚੋਂ ਤਾਂ ਅਨੰਦ ਮਾਣਦੇ ਹਨ, ਪਰ ਉਸ ਰਚਨਹਾਰ ਨੂੰ 'ਕਰਤਾ ਮੰਨਣ ਦੀ ਥਾਂ ਆਪ 'ਕਰਤਾ' ਬਣ ਬੈਠੇ ਹਨ। ਤਾਹੀਓਂ ਤਾਂ ਉਨ੍ਹਾਂ ਨੂੰ ਨਜ਼ਰ ਨਹੀਂ ਆ ਰਿਹਾ।

ਪਰ ਉਹ ਹੈ, ਧਰਤੀ ਤੇ ਵੀ, ਪਾਣੀ ਵਿਚ ਵੀ ਅਤੇ ਅਸਮਾਨ ਤੇ ਵੀ ਹੈ। ਸੋ ਇਸ ਤਰ੍ਹਾਂ ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ ਮੈਂ ਤਾਂ ਆਪਣੇ ਹਰੀ-ਪ੍ਰਭੂ ਨੂੰ ਵੇਖ ਲਿਆ ਹੈ, ਪਾ ਲਿਆ ਹੈ ਜੋ ਸਾਨੂੰ ਮਾਇਆ ਦੇ ਬੰਧਨਾਂ ਤੋਂ ਮੁਕਤੀ ਦਿਵਾਉਂਦਾ ਹੈ। ਫੇਰ ਸਾਥੀ ਪੁੱਛਦੇ ਹਨ ਕਿ ਉਹ ਕੈਸਾ ਹੈ? ਮੈਂ ਕਹਿੰਦਾ ਹਾਂ, ਮੇਰੀ ਕੀ ਤਾਕਤ ਹੈ ਕਿ ਮੈਂ ਉਸ ਦਾ ਜ਼ਿਕਰ ਕਰ ਸਕਾਂ। "ਕਹਿ ਨ ਸਕਉ ਹਰਿ ਜੈਸਾ"। ਹਾਂ ਐਨਾ ਕੁ ਕਹਿ ਦੇਵਾਂ ਕਿ ਉਹ ਸ੍ਰਿਸ਼ਟੀ ਦੇ ਆਦਿ ਵਿੱਚ ਵੀ ਸੀ, ਮੱਧ ਵਿੱਚ ਵੀ ਹੈ ਅਤੇ ਅੰਤ ਵਿਚ ਵੀ ਉਹ ਆਪ ਹੀ ਹੋਵੇਗਾ। ਉਸ ਪ੍ਰਭੂ ਦਾ ਦਰ ਮੈਂ ਕਦੇ ਵੀ ਨਹੀਂ ਛੱਡ ਸਕਦੀ, ਉਹ ਤਾਂ ਮੇਰੇ ਪ੍ਰਾਣਾਂ ਦਾ ਆਧਾਰ ਹੋ ਚੁੱਕਿਆ ਹੈ:

ਹਉ ਨਿਮਖ ਨ ਛੋਡਾ ਜੀ
ਹਰਿ ਪ੍ਰਾਤਮ ਪ੍ਰਾਨ ਅਧਾਰੋ॥
ਗੁਰਿ ਸਤਿਗੁਰ ਕਹਿਆ ਜੀ
ਸਾਚਾ ਅਗਮ ਬੀਚਾਰੋ॥
ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ
ਜਨਮ ਮਰਣ ਦੁਖ ਨਾਠੇ॥
ਸਹਜ ਸੁਖ ਅਨੰਦ ਘਨੇਰੇ ਹਉਮੈ ਬਿਨਠੀ ਗਾਠੇ॥
ਸਭ ਕੈ ਮਧਿ ਸਭ ਹੂ ਤੇ ਬਾਹਰਿ
ਰਾਗ ਦੋਖ ਤੇ ਨਿਆਰੋ॥
ਨਾਨਕ ਦਾਸ ਗੋਬਿੰਦ ਸਰਣਾਈ
ਹਰਿ ਪ੍ਰੀਤਮੁ ਮਨਹਿ ਸਧਾਰੋ॥੩॥

ਇਹ ਸੋਝੀ ਮੈਨੂੰ ਕਿਥੋਂ ਆਈ? ਆਪਣੇ ਆਪ ਹੀ ਉਡ ਕੇ ਮੇਰੇ ਹਿਰਦੇ ਵਿੱਚ ਨਹੀਂ ਵੜ ਗਈ। ਹੋਰ ਕਿਥੋਂ ਆਈ? ਸੋਚਣ ਵਾਲੀ ਗੱਲ ਹੈ। ਇਹ ਤਾਂ ਮੇਰੇ ਤੇ ਸਤਿਗੁਰੂ ਜੀ ਨੇ ਕਿਰਪਾ ਕੀਤੀ ਹੈ। ਸਤਿਗੁਰੂ (ਗੁਰ-ਗੁਰਬਾਣੀ) ਨੇ ਮੈਨੂੰ ਇਹ ਸਾਰੀਆਂ ਗੱਲਾਂ ਗਿਆਨ ਦੀਆਂ ਸਮਝਾਈਆਂ ਹਨ ਕਿ ਭਾਈ ਗੁਰਸਿੱਖ! ਅਕਾਲ ਪੁਰਖ 'ਸਤਿ' ਹੈ। ਉਹ ਸੱਚਾ ਹੈ ਅਤੇ ਬੇਅੰਤ ਹੈ। **"ਆਦਿ ਸਚੁ, ਜੁਗਾਦਿ ਸਚੁ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ"** ਹੈ। ਸਤਿਗੁਰੂ ਨੇ ਕੋਈ ਭੁਲੇਖਾ ਨਹੀਂ ਰਹਿਣ ਦਿੱਤਾ ਜਿਵੇਂ ਹੱਥ ਦੀ ਹਥੇਲੀ ਤੇ ਰੱਖ ਕੇ ਕੋਈ ਚੀਜ਼ ਪ੍ਰਗਟ ਵਿਖਾ ਦਈਦੀ ਹੈ:

**"ਗੁਰ ਕਾਢਿ ਤਲੀ ਦਿਖਲਾਇਆ ਥਾ॥"**

ਸੋ ਐਸੇ ਪਤੀ ਪਰਮੇਸ਼ਰ ਮਿੱਠ ਬੋਲੜੇ ਨੂੰ ਮੈਂ ਇੱਕ ਨਿਮਖ ਪਰ ਵੀ ਨਹੀਂ ਛੱਡ ਸਕਦੀ।

ਉਸ ਪ੍ਰਭੂ ਦੇ ਨਾਲ ਇਤਨੀ ਨੇੜਤਾ ਹੋ ਗਈ ਹੈ ਕਿ ਹੁਣ ਮੇਰਾ ਅੰਗ ਸੰਗ ਸੁਖਦਾਈ ਹੋ ਗਿਆ ਹੈ। ਮੈਨੂੰ ਮੇਰੀਆਂ ਸਾਥਣਾਂ (ਗੁਰਸਿੱਖ ਸਾਥੀ) ਪੁੱਛਦੀਆਂ ਹਨ ਤੇਰਾ ਪਿਰ ਕੈਸਾ ਹੈ?

ਪੂਛਉ ਸੰਤ ਮੇਰੋ ਠਾਕੁਰ ਕੈਸਾ॥
ਹੀਉ ਅਰਾਪਉਂ ਦੇਹੁ ਸਦੇਸਾ॥
ਦੇਹੁ ਸਦੇਸਾ ਪ੍ਰਭ ਜੀਉ ਕੈਸਾ

ਕਹ ਮੋਹਨ ਪਰਵੇਸਾ॥
ਅੰਗ ਅੰਗ ਸੁਖਦਾਈ ਪੂਰਨ
ਬ੍ਰਹਮਾਈ ਥਾਨ ਥਨੰਤਰ ਦੇਸਾ॥
ਬੰਧਨ ਤੇ ਮੁਕਤਾ ਘਟਿ ਘਟਿ ਜੁਗਤਾ
ਕਹਿ ਨ ਸਕਉ ਹਰਿ ਜੈਸਾ॥
ਦੇਖਿ ਚਰਿਤ ਨਾਨਕ ਮਨੁ ਮੋਹਿਓ
ਪੂਛੈ ਦੀਨੁ ਮੇਰੋ ਠਾਕੁਰ ਕੈਸਾ॥

(ਸਾਰੰਗ ਛੰਤ ਮ-ਹ, 1237)

ਆਪਣੇ ਪ੍ਰੀਤਮ ਦੀ ਗੱਲ ਸੁਣਾਓ, ਉਸਦਾ ਕੋਈ ਸੁਨੇਹਾ ਦਿਓ। ਗੁਰੂ ਸਾਹਿਬ ਦੱਸਦੇ ਹਨ ਕਿ ਮੈਂ ਬੱਸ ਇਨਾ ਕੁ ਕਹਿ ਸਕਦਾ ਹਾਂ ਕਿ ਉਸ ਦੇ ਚਰਿੱਤ੍ਰ ਵੇਖ ਕੇ ਮਨ ਮੋਹਿਆ ਜਾਂਦਾ ਹੈ। ਮੈਂ ਵਿਸਮਾਦ ਵਿੱਚ ਆ ਜਾਂਦਾ ਹਾਂ। ਉਹ ਮੇਰੇ ਬੰਧਨ ਦੂਰ ਕਰਨ ਵਾਲਾ ਹੈ। ਮੁਕਤੀ ਦਾਤਾ ਹੈ ਅਤੇ ਜੁਗਤੀਆਂ ਭਰਪੂਰ ਹੈ। ਸਾਰੀ ਕਲਾ ਉਸੇ ਦੀ ਹੈ। ਹਾਂ, ਉਸ ਦੇ ਸੁੰਦਰ ਸਰੂਪ ਨੂੰ ਬਿਆਨ ਕਰਨ ਲਈ ਕਿਹਾ ਜਾ ਸਕਦਾ ਹੈ:

ਤੇਰੇ ਬੰਕੇ ਲੋਇਣ ਦੰਘ ਰੀਸਾਲਾ॥
ਸੋਹਣੇ ਨਕ ਜਿਨ ਲੰਮੜੇ ਵਾਲਾ॥
ਕੰਚਨ ਕਾਇਆ ਸੁਇਨੇ ਦੀ ਢਾਲਾ॥
ਸੋਵੰਨ ਢਾਲਾ ਕ੍ਰਿਸਨ ਮਾਲਾ
ਜਪਹੁ ਤੁਸੀ ਸਹੇਲੀਹੋ॥
ਜਮ ਦੁਆਰਿ ਨ ਹੋਹੁ ਖੜੀਆ
ਸਿਖ ਸੁਣਹੁ ਮਹੇਲੀਹੋ॥
ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ॥
ਬੰਕੇ ਲੋਇਣ ਦੰਤ ਰੀਸਾਲਾ॥

(ਅੰਗ-567)

ਇਸ ਸ਼ਬਦ ਦੀਆਂ ਤੁਕਾਂ ਦ੍ਰਿਸਟਮਾਨ ਰਚਨਾ ਵਿੱਚੋਂ ਉਸ ਦੀ ਸਾਖ ਭਰਦੀਆਂ, ਉਸ ਦੇ ਸਰੂਪ ਨੂੰ ਉਘਾੜਦੀਆਂ ਹਨ। ਸਤਿਗੁਰੂ ਜੀ ਕਹਿੰਦੇ ਹਨ ਕਿ ਐ ਗੁਰਸਿੱਖੋ! ਮੇਰੇ ਪ੍ਰਭੂ ਦਾ ਸਰੂਪ ਐਸਾ ਹੈ ਕਿ ਉਸਦੇ ਨੈਣ (ਅੱਖਾਂ ਲੋਇਣ) ਬੰਕੇ ਹਨ। ਮਨ ਮੋਹਨ ਵਾਲੇ ਹਨ। ਐਸੇ ਤਿੱਖੇ ਤੇ ਨਸ਼ੀਲੇ ਹਨ ਕਿ ਇਨ੍ਹਾਂ ਦੇ ਤੀਰ ਹਰੇਕ ਸਹਾਰ ਨਹੀਂ ਸਕਦਾ। ਦੰਦ ਵੀ ਬੜੇ ਸੁੰਦਰ ਤੇ ਰਸੀਲੇ ਹਨ, ਦੁੱਧ ਵਰਗੇ ਚਿੱਟੇ ਹਨ, ਨੱਕ ਬਹੁਤ ਹੀ ਸੁਹਣਾ ਹੈ, ਨੋਕੀਲਾ ਹੈ, ਮੇਰੇ ਸਾਹਿਬ ਦੇ ਵਾਲ ਬੜੇ ਲੰਮੇ ਹਨ ਅਤੇ ਉਸ ਦਾ ਸਰੀਰ ਸੋਨੇ ਵਰਗਾ ਹੈ।

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥
ਕੁਹਕਿਲ ਕੋਕਿਲਾ ਤਰਲ ਜੁਆਣੀ॥
ਤਰਲਾ ਜੁਆਣੀ ਆਪਿ ਭਾਣੀ
ਇਛ ਮਨ ਕੀ ਪੂਰੀਏ॥
ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ
ਆਪਿ ਆਪੁ ਸੰਧੂਰੀਏ॥
ਸਾਰੰਗ ਰਾਤੀ ਫਿਰੈ ਮਾਘੀ ਉਦਕੁ ਗੰਗਾ ਵਾਣੀ॥
ਬਿਨਵੰਤਿ ਨਾਨਕੁ ਦਾਸੁ ਹਰਿ ਕਾ
ਤੇਰੀ ਚਾਲ ਸੁਹਾਣੀ ਮਧੁਗੜੀ ਬਾਣੀ॥

(567)

ਉਹ ਠੁਮਕ ਠੁਮਕ ਤੁਰਦੇ ਹਨ ਅਤੇ ਉਨ੍ਹਾਂ ਦੀ ਬਾਣੀ ਬੜੀ ਮਿੱਠੀ ਹੈ। ਹਮੇਸ਼ਾ ਹੀ ਮਿੱਠੀ ਮਿੱਠੀ ਬਾਣੀ ਬੋਲਦੇ ਹਨ। ਜਿਵੇਂ ਕੋਇਲ ਦੇ ਬੋਲ ਰਸਦਾਇਕ ਹੁੰਦੇ ਹਨ, ਇਸ ਤਰ੍ਹਾਂ ਦੀ ਰਸੀਲੀ ਉਨ੍ਹਾਂ ਦੀ ਬਾਣੀ ਹੈ। ਸਰੀਰ ਭਰਵਾਂ ਸੁਡੌਲ ਅਤੇ ਰਿਸ਼ਟ-ਪੁਸ਼ਟ ਹੈ। ਜੁਆਨੀ ਠਾਠਾਂ ਮਾਰਦੀ ਹੈ ਅਤੇ ਰੂਪ ਡੁਲ੍ਹ ਡੁਲ੍ਹ ਪੈਂਦਾ ਹੈ। ਠਿੰਮ ਠਿੰਮ ਕਰਦੇ ਜਦੋਂ ਹਾਥੀ ਵਾਂਗੂ ਪੈਰ ਧਰਦੇ ਹਨ, ਬੜੀ ਮਸਤੀ ਵਿੱਚ ਹੁੰਦੇ ਹਨ। ਮੈਂ ਉਨ੍ਹਾਂ ਦੀ ਪ੍ਰੇਮ ਵਿੱਚ ਰੰਗੀ ਰਹਿੰਦੀ ਹਾਂ ਅਤੇ ਤੇਰੀ ਚਾਲ ਵੀ ਗੰਗਾ ਦੇ ਪਾਣੀ ਵਾਂਗੂੰ ਬਣ ਜਾਂਦੀ ਹੈ। ਜੋ ਵੀ ਗੁਣ ਇੱਕ ਸੱਜਣ ਪੁਰਸ਼ ਵਿੱਚ ਹੋਣੇ ਚਾਹੀਦੇ ਹਨ, ਉਹ ਸਾਰੇ ਦੇ ਸਾਰੇ ਮੇਰੇ ਪ੍ਰੀਤਮ ਵਿੱਚ ਮੌਜੂਦ ਹਨ।

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਮੈਂ ਆਪਣੇ ਸਾਈਂ ਤੋਂ ਕੁਰਬਾਨ ਜਾਂਦਾ ਹਾਂ।

ਹਉ ਵੰਞਾ ਕੁਰਬਾਣੁ ਸਾਈ ਆਪਣੇ॥
ਹੋਵੈ ਅਨਦੁ ਘਣਾ ਮਨਿ ਤਨਿ ਜਾਪਣੈ॥ ਰਹਾਉ॥
ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ॥
ਦੁਖ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ॥੧॥
ਬਿੰਦਕ ਗਾਲਿ ਸੁਣੀ ਸਚੇ ਤਿਸੁ ਧਣੀ॥
ਸੂਖੀ ਹੂੰ ਸੁਖ ਪਾਇ ਮਾਇ ਨ ਕੀਮ ਗਣੀ॥੨॥
ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ॥
ਮੈ ਨਿਰਗੁਣਿ ਮੇਰੀ ਮਾਇ
ਆਪਿ ਲੜਿ ਲਾਇ ਲਈ॥੩॥
ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥
ਨਾਨਕ ਕਾ ਪਤਿਸਾਹੁ ਦਿਸੈ ਜਾਹਰਾ॥੪॥

ਕੁਰਬਾਨ ਹੋਣ ਵਿੱਚ ਹੀ ਅਨੰਦ ਹੈ। ਥੋੜਾ ਅਨੰਦ ਨਹੀਂ ਬਲਕਿ ਬਹੁਤ ਅਨੰਦ ਹੈ। ਕੁਰਬਾਨ ਜਾਂਦੇ ਹੀ, ਉਸ ਦਾ ਨਾਮ ਲੈਂਦਿਆਂ ਹੀ, ਮੇਰੇ ਤਨ ਮਨ ਵਿੱਚ ਇਕ ਝੁਨਝੁਣੀ ਛਿੜ ਜਾਂਦੀ ਹੈ। ਝੁਨਝਣੀ ਵਿਚੋਂ ਅਨੰਦ

ਆਉਂਦਾ ਹੈ। ਉਹ ਥੋੜਾ ਕੁ ਹੀ, ਭੋਰਾ ਜਿੰਨਾ ਵੀ ਮਨ ਵਿੱਚ ਵੱਸ ਜਾਵੇ ਤਾਂ ਮੇਰੇ ਸਾਰੇ ਦੁਖ ਤੇ ਰੋਗ ਮਿਟ ਜਾਂਦੇ ਹਨ ਅਤੇ ਜੇਕਰ ਉਹ ਬਿੰਦਕ (ਨਿਮਖ ਭਰ) ਵੀ ਮੇਰੇ ਨਾਲ ਗੱਲ ਕਰ ਲਵੇ ਤਾਂ ਉਸਦੀ ਕੋਈ ਕੀਮਤ ਹੀ ਨਹੀਂ ਭਾਵ ਬੇਅੰਤ ਸੁੱਖ ਪ੍ਰਾਪਤ ਹੁੰਦਾ ਹੈ। ਉਸ ਦੇ ਨੈਣਾਂ ਨੂੰ ਤੱਕ ਕੇ ਮੈਂ ਉਸ ਦੀ ਹੀ ਹੋ ਜਾਂਦੀ ਹਾਂ। ਇਹ ਉਸ ਦੀ ਵਡਿਆਈ ਹੈ, ਮੇਰੇ ਵਿੱਚ ਤਾਂ ਕੋਈ ਗੁਣ ਨਹੀਂ, ਮੈਨੂੰ ਉਸਨੇ ਅਪਣੇ ਆਪ ਹੀ ਅਪਣੇ ਗਲੇ ਲਗਾਇਆ ਹੈ। ਉਹ ਕਿਸੇ ਵੇਦਾਂ-ਸ਼ਾਸਤ੍ਰਾਂ ਗ੍ਰੰਥਾਂ ਵਿੱਚ ਨਹੀਂ, ਉਹ ਤਾਂ ਜ਼ਾਹਰਾ-ਜ਼ਹੂਰ ਹੈ, ਹਾਜ਼ਰ-ਹਜ਼ੂਰ ਹੈ। ਉਹ ਮੇਰੇ, ਪਤੀ ਹੀ ਨਹੀਂ, ਮਿੱਤ੍ਰ ਪਿਆਰੇ ਹੀ ਨਹੀਂ, ਬਲਕਿ ਸੱਚੇ ਪਾਤਸ਼ਾਹ ਵੀ ਹਨ।

ਸਾਵਲ ਸੁੰਦਰ ਰਾਮਈਆ॥
ਮੇਰਾ ਮਨੁ ਲਾਗਾ ਤੋਹਿ॥

(335)

ਮੇਰੇ ਪ੍ਰੀਤਮ ਦਾ ਰੰਗ ਸਾਂਵਲਾ ਹੈ, ਸੁੰਦਰ ਹੈ, ਜਿਸ ਕਰਕੇ ਮੈਨੂੰ ਸੋਹਣਾ ਲੱਗਦਾ ਹੈ ਅਤੇ ਮੈਂ ਉਸ ਨਾਲ ਇਕਮਿਕ ਹੀ ਹੋ ਗਈ ਹਾਂ। ਸੋ ਮੈਂ ਇਹ ਵੀ ਸੋਚਦੀ ਹਾਂ ਕਿ ਜੋ ਉਸ ਨਾਲ ਪਿਆਰ ਨਹੀਂ ਕਰਦਾ ਉਸ ਨਾਲ ਇਕਮਿਕ ਨਹੀਂ ਹੁੰਦਾ, ਉਸਨੂੰ ਫੁੱਟ ਫੁੱਟ ਕੇ ਰੋਣਾ ਚਾਹੀਦਾ ਹੈ, ਉਹ ਨਿਭਾਗਾ ਰੋ ਰੋ ਕੇ ਮਰ ਹੀ ਕਿਉਂ ਨਹੀਂ ਜਾਂਦਾ।

ਐਸੇ ਪ੍ਰੀਤਮ ਦੇ ਬਚਨ, ਅੰਮ੍ਰਿਤ ਹਨ,

ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ॥
ਅਤਿ ਸੁੰਦਰ ਮਨਮੋਹਨ ਪਿਆਰੇ
ਸਭ ਹੂ ਮਧਿ ਨਿਰਾਰੇ॥ ਰਹਾਉ॥
ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ
ਮੋਹਿ ਠਾਕੁਰ ਹੀ ਦਰਸਾਏ॥੧॥
ਦੀਨੁ ਦੁਆਰੈ ਆਇਓ ਠਾਕੁਰ
ਸਰਨਿ ਪਰਿਓ ਸੰਤ ਹਾਰੇ॥
ਕਹੁ ਨਾਨਕ ਪ੍ਰਭ ਮਿਲੇ ਮਨੋਹਰ
ਮਨ ਸੀਤਲ ਬਿਗਸਾਰੇ॥

(534)

ਉਹ ਸਭ ਦੇ ਅੰਦਰ ਵੀ ਵੱਸ ਰਿਹਾ ਹੈ ਅਤੇ ਵੱਖਰਾ ਵੀ ਹੈ। ਉਹ ਅਤੀ ਸੁੰਦਰ ਹੈ। ਉਸਨੂੰ ਵੇਖ ਕੇ ਮੇਰੀ ਭੁੱਖ ਹੀ ਨਹੀਂ ਲੱਥਦੀ। ਉਸਨੂੰ ਬਸ ਵੇਖੀ ਹੀ ਜਾਂਵਾ। ਵੇਖਦੀ ਹੀ ਰਵ੍ਹਾਂ ਬਸ ਮੇਰੀ ਇਹ ਇੱਕੋ ਭੁੱਖ ਹੈ, ਜੋ ਉਸ ਨੂੰ ਦੇਖਕੇ ਹੀ ਮਿਟ ਸਕਦੀ ਹੈ, ਪਰ ਮਿਟਦੀ ਨਹੀਂ, ਸਗੋਂ ਭੁੱਖ ਹੋਰ ਵੱਧਦੀ ਹੈ। ਤਾਂ ਫਿਰ ਮੈਨੂੰ ਨਾ ਕਿਸੇ ਰਾਜ ਦੀ ਲੋੜ ਹੈ ਅਤੇ ਨਾ ਹੀ ਮੁਕਤੀ ਦੀ ਲੋੜ ਹੈ "ਮੁਕਤਿ ਬਪੁੜੀ ਭੀ ਗਿਆਨੀ ਤਿਆਗੇ"। ਬੱਸ ਇਕੋ ਹੀ ਚਾਹ ਹੈ, ਇਕੋ ਹੀ ਇੱਛਾ ਹੈ ਕਿ ਉਸ ਦੇ ਚਰਨਾਂ ਦੀ ਪ੍ਰੀਤ ਮੇਰੇ ਮਨ ਵਿੱਚ ਲੱਗੀ ਰਹੇ। ਮੈਂ ਪ੍ਰਭੂ ਦੇ ਚਰਨਾਂ ਦੀ ਭੌਰੀ ਬਣੀ ਰਹਾਂ। ਹੋਰ ਕਿਸੇ ਦੇਵੀ ਦੇਵਤਿਆਂ ਨੂੰ ਪੂਜਣ ਦੀ ਵੀ ਮੈਨੂੰ ਲੋੜ ਨਹੀਂ, ਮੈਨੂੰ ਤਾਂ ਆਪਣੇ ਮਾਲਕ ਦੇ ਦਰਸ਼ਨ ਹੀ ਚਾਹੀਦੇ ਹਨ। ਇਹ ਦਰਸ਼ਨ ਮੈਨੂੰ ਤਾਂ ਹੀ ਪ੍ਰਾਪਤ ਹੋ ਸਕਦੇ ਹਨ ਜੇਕਰ ਮੈਂ ਕਿਸੇ ਗੁਰੂ-ਮੁਰਸ਼ਦ ਦਾ ਲੜ ਫੜਾਂ, ਇਸੇ ਕਰਕੇ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਫੜੇ ਹਨ।

ਸ੍ਰੀ ਗੁਰੂ ਪੰਜਵੇਂ ਪਾਤਸ਼ਾਹ ਬਾਰ ਬਾਰ ਇਹੋ ਹੀ ਆਖਦੇ ਹਨ ਕਿ ਉਸ ਪਤੀ-ਪ੍ਰਮੇਸ਼ਰ ਦੇ ਗੁਣ ਕਹੇ ਨਹੀਂ ਜਾ ਸਕਦੇ:

ਕਿਆ ਗੁਣ ਤੇਰੇ ਸਾਰਿ ਸਮ੍ਹਾਲੀ
ਮੋਹਿ ਨਿਰਗੁਨ ਕੇ ਦਾਤਾਰੇ॥
ਬੈ ਖਰੀਦੁ ਕਿਆ ਕਰੇ ਚਤੁਰਾਈ
ਇਹੁ ਜੀਉ ਪਿੰਡੁ ਸਭੁ ਥਾਰੇ॥੧॥
ਲਾਲ ਰੰਗੀਲੇ ਪ੍ਰੀਤਮ ਮਨਮੋਹਨ
ਤੇਰੇ ਦਰਸਨ ਕਉ ਹਮ ਬਾਰੇ॥ ਰਹਾਉ॥
ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ
ਤੁਮ੍ਹ ਸਦਾ ਸਦਾ ਉਪਕਾਰੇ॥
ਸੋ ਕਿਛੁ ਨਾਹੀ ਜਿ ਮੈ ਤੇ ਹੋਵੈ
ਮੇਰੇ ਠਾਕੁਰ ਅਗਮ ਅਪਾਰੇ॥

(738)

ਮੈਂ ਤਾਂ ਨਿਰਗੁਨ ਹਾਂ। ਤੇਰੇ ਗੁਣਾਂ ਦੀ ਕੀਮਤ ਕਿਵੇ ਪਾ ਸਕਦਾ ਹਾਂ। ਸਭ ਕੁਝ ਹੀ, ਮੇਰਾ ਜੀਅ ਵੀ ਅਤੇ ਸਰੀਰ ਵੀ ਤੇਰਾ ਹੀ ਦਿੱਤਾ ਹੋਇਆ ਹੈ। ਮੇਰੀ ਚਤੁਰਾਈ ਨਹੀਂ ਚਲ ਸਕਦੀ। ਮੈਨੂੰ ਅਕਲ ਵੀ ਤੂੰ ਹੀ ਦਿੱਤੀ ਹੈ। ਮੈਂ ਤਾਂ ਤੇਰਾ ਬੰਦਾ ਹਾਂ, ਬੈ-ਖਰੀਦ! ਮੈਂ, ਮੇਰਾ ਸਭ ਕੁਝ ਤੇਰੇ ਕੋਲ 'ਬੈ' ਕਰ ਦਿੱਤਾ ਹੋਇਆ ਹੈ। 'ਬੈ' ਤੋਂ ਭਾਵ ਜੋ ਵਸਤੂ ਵੇਚ ਦਿੱਤੀ ਜਾਵੇ ਅਤੇ ਮੁੜ ਕੇ ਵਾਪਿਸ ਨ ਲਿੱਤੀ ਜਾ ਸਕਦੀ ਹੋਵੇ। ਐ ਮੇਰੇ! ਮਨ ਮੋਹਨ, ਸੋਹਣੇ, ਸੁੰਦਰ, ਰੰਗੀਲੇ ਪ੍ਰੀਤਮ, ਮੈਂ ਤਾਂ ਤੇਰੇ ਦਰਸ਼ਨਾਂ ਤੋਂ ਹੀ

ਬਲਿਹਾਰ ਜਾਂਦਾ ਹਾਂ। ਆਪ ਤਾਂ ਪਰ ਉਪਕਾਰੀ ਹੋ, ਵੱਡੇ ਦਾਤਾ ਹੋ। ਦਾਤਾਂ ਵੰਡਣ ਵਾਲੇ ਹੋ, ਮੈਂ ਭਿਖਾਰੀ ਹਾਂ, ਮੇਰੇ ਤੋਂ ਕੁਝ ਵੀ ਨਹੀਂ ਹੋ ਸਕਦਾ। ਐ ਮੇਰੇ ਮਾਲਕ! ਤੁਸੀਂ ਅਪਰ-ਅਪਾਰ ਹੋ।

ਤੁਹਾਡਾ ਭੇਦ ਨਹੀਂ ਪਾਇਆ ਜਾ ਸਕਦਾ। ਤੁਸੀਂ ਤਾਂ ਚੋਜੀ ਹੋ। ਆਪਣੇ ਚੋਜ ਕਰੀ ਜਾ ਰਹੇ ਹੋ:

**ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ**
**ਹਰਿ ਪ੍ਰਭੁ ਮੇਰਾ ਚੋਜੀ ਜੀਉ॥**
**ਹਰਿ ਆਪੇ ਕਾਨ ਉਪਾਇਦਾ ਮੇਰੇ ਗੋਵਿੰਦਾ**
**ਹਰਿ ਆਪੇ ਗੋਪੀ ਖੋਜੀ ਜੀਉ॥**
**ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ**
**ਆਪੇ ਰਸੀਆ ਭੋਗੀ ਜੀਉ॥੧॥**

ਐਸੇ ਚੋਜ ਕਰਦੇ ਹੋ ਕਿ ਕਾਨ੍ਹ (ਕ੍ਰਿਸ਼ਨ ਜੀ) ਨੂੰ ਆਪ ਪੈਦਾ ਕਰਦੇ ਹੋ, ਆਪ ਪੈਦਾ ਹੀ ਨਹੀਂ ਕਰਦੇ ਬਲਕਿ ਤੁਸੀਂ ਆਪ ਹੀ ਕਾਨ੍ਹ ਹੁੰਦੇ ਹੋ ਅਤੇ ਆਪੇ ਹੀ ਗੋਪੀਆਂ ਦਾ ਰੂਪ ਧਾਰਨ ਕਰਦੇ ਹੋ। ਰਸ ਵੀ ਆਪ ਪੈਦਾ ਕਰਦੇ ਹੋ, ਆਪੇ ਹੀ ਰਸ ਭੋਗਦੇ ਹੋ ਅਤੇ ਆਪੇ ਹੀ ਰਸੀਆ ਹੋ, ਰਸ ਮਾਨਣ ਵਾਲੇ ਹੋ। ਸੋ ਪਤੀ-ਪਰਮੇਸ਼ਰ ਕਥਨ ਤੋਂ ਬਾਹਰਾ ਹੈ। ਅਥਾਹ ਹੈ, ਅੰਤਾਂ ਦਾ ਗੰਭੀਰ ਹੈ:

**ਤੁਮ ਗਉਹਰ ਅਤਿ ਗਹਿਰ ਗੰਭੀਰਾ**
**ਤੁਮ ਪਿਰ ਹਮ ਬਹੁਰੀਆ ਰਾਮ॥**
**ਤੁਮ ਵਡੇ ਵਡੇ ਵਡ ਊਚੇ ਹਉ**
**ਇਤੇਨੀਕ ਲਹੁਰੀਆ ਰਾਮ॥**
**ਹਉ ਕਿਛੁ ਨਾਹੀ ਏਕੋ ਤੂਹੈ**
**ਆਪੇ ਆਪਿ ਸੁਜਾਨਾ॥**
**ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ**
**ਸਰਬ ਰੰਗ ਰਸ ਮਾਨਾ॥**
**ਚਰਣਹ ਸਰਨੀ ਦਾਸਹ ਦਾਸੀ**
**ਮਨਿ ਮਉਲੈ ਤਨੁ ਹਰੀਆ॥**
**ਨਾਨਕ ਠਾਕੁਰ ਸਰਬ ਸਮਾਣਾ**
**ਆਪਨ ਭਾਵਨ ਕਰੀਆ॥੨॥**

(779)

ਐ ਅਕਾਲ ਪੁਰਖ ਤੁਸੀਂ ਬੇਅੰਤ ਹੋ। ਤੁਸੀਂ ਮੇਰੇ ਪਤੀ ਹੋ ਅਤੇ ਮੈਂ ਤੁਹਾਡੀ ਪਤਨੀ ਹਾਂ। ਤੁਸੀਂ ਤਾਂ ਬਹੁਤ ਵੱਡੇ ਹੋ। ਵੱਡੇ ਤੋਂ ਵੀ ਵੱਡੇ ਹੋ ਅਤੀ ਸਿਆਣੇ ਡੂੰਘੇ ਤੋਂ ਡੂੰਘੇ ਹੋ। ਉੱਚੇ ਤੋਂ ਉੱਚੇ ਹੋ ਪਰ ਮੈਂ ਤਾਂ ਬਹੁਤ ਹੀ ਨਿੱਕੀ ਜਿਹੀ ਇਸਤ੍ਰੀ ਹਾਂ। ਮੈਂ ਕੁਝ ਵੀ ਨਹੀਂ, ਤੁਸੀਂ ਆਪ ਹੀ ਆਪ ਹੋ। ਮੈਂ ਤੇਰੀ ਸਵੱਲੀ ਨਜ਼ਰ ਨਾਲ ਜੀਅ ਰਹੀ ਹਾਂ। ਇੱਕ ਨਿਮਖ ਵੀ ਤੁਸੀਂ ਮੇਰੇ ਤੇ ਅੰਮ੍ਰਿਤ ਦ੍ਰਿਸ਼ਟੀ ਪਾ ਦਿਓ ਤਾਂ ਜੀਂਦੀ ਰਹਿੰਦੀ ਹਾਂ ਅਤੇ ਸਾਰੇ ਰੰਗ-ਰਸ ਮਾਣਦੀ ਹਾਂ। ਹੇ ਪਤੀ-ਪਰਮੇਸ਼ਰ ਜੀ! ਮੇਰੇ ਵਿੱਚ ਕੋਈ ਗੁਣ ਨਹੀਂ ਹੈ। ਨਾ ਹੀ ਮੇਰਾ ਕੋਈ ਰੂਪ ਰੰਗ ਹੈ, ਨਾ ਨੈਣ ਬੰਕੇ ਹਨ ਅਤੇ ਨਾ ਮੇਰੀ ਕੋਈ ਚੰਗੀ ਕੁਲ ਹੈ, ਨਾ ਹੀ ਮੈਂ ਮਿੱਠੇ ਬੋਲ ਬੋਲਦੀ ਹਾਂ, ਪਰ ਮੈਂ ਚਾਹੁੰਦੀ ਹਾਂ ਤੇਰੇ ਨਾਲ ਪਿਆਰ ਬਣਿਆ ਰਵ੍ਹੇ ਅਤੇ ਮਿਲਾਪ ਹੋਵੇ, ਆਪੇ ਹੀ ਦੱਸੋ ਇਹ ਕਿਵੇਂ ਹੋ ਸਕਦਾ ਹੈ?

**ਸਭਿ ਅਵਗਣ ਮੈ ਗੁਣੁ ਨਹੀ ਕੋਈ॥**
**ਕਿਉ ਕਰਿ ਕੰਤ ਮਿਲਾਵਾ ਹੋਈ॥੧॥**
**ਨਾ ਮੈ ਰੂਪੁ ਨ ਬੰਕੇ ਨੈਣਾ॥**
**ਨਾ ਕੁਲ ਢੰਗ ਨ ਮੀਠੇ ਬੈਣਾ॥੧॥ ਰਹਾਉ॥**

ਮੈਂ ਅਪਣੇ ਘਰ ਖੜ੍ਹੀ ਤੇਰੀ ਉਡੀਕ ਕਰ ਰਹੀ ਹਾਂ।

**ਆਵਹੁ ਸਜਣਾ ਹਉ ਦੇਖਾ**
**ਦਰਸਨੁ ਤੇਰਾ ਰਾਮ॥**
**ਘਰਿ ਆਪਨੜੈ ਖੜੀ ਤਕਾ**
**ਮੈ ਮਨਿ ਚਾਉ ਘਨੇਰਾ ਰਾਮ॥**
**ਮਨਿ ਚਾਉ ਘਨੇਰਾ ਸੁਣਿ ਪ੍ਰਭ**
**ਮੇਰਾ ਮੈ ਤੇਰਾ ਭਰਵਾਸਾ॥**
**ਦਰਸਨੁ ਦੇਖਿ ਭਈ ਨਿਹਕੇਵਲ**
**ਜਨਮ ਮਰਣ ਦੁਖੁ ਨਾਸਾ॥**
**ਸਗਲੀ ਜੋਤਿ ਜਾਤਾ ਤੂ ਸੋਈ**
**ਮਿਲਿਆ ਭਾਇ ਸੁਭਾਏ॥**
**ਨਾਨਕ ਸਾਜਨ ਕਉ ਬਲਿ ਜਾਈਐ**
**ਸਾਚਿ ਮਿਲੇ ਘਰਿ ਆਏ॥**

(765)

ਮੇਰੇ ਮਿੱਤ੍ਰ ਪਿਆਰੇ ਜੀ! ਆ ਕੇ ਦਰਸ਼ਨ ਦਿਓ ਜੀ। ਮੇਰੇ ਮਨ ਵਿਚ ਤੇਰੇ ਦਰਸ਼ਨਾਂ ਲਈ ਬੜਾ ਚਾਉ ਹੈ ਅਤੇ ਨਾਲ ਹੀ ਭਰੋਸਾ ਵੀ ਹੈ ਕਿ ਤੁਸੀਂ ਜ਼ਰੂਰ ਦਰਸ਼ਨ ਦਿਉਗੇ। ਤੇਰੀ, ਮੈਨੂੰ ਓਟ ਵੀ ਹੈ। ਮੈਂ ਤੇਰੇ ਦਰਸ਼ਨ ਦੇਖ ਕੇ ਨਿਰਲੇਪ, ਅਜ਼ਾਦ ਹੋ ਗਈ ਹਾਂ ਅਤੇ ਮੇਰਾ ਜਨਮ-ਮਰਨ ਦਾ ਦੁੱਖ ਕਟ ਗਿਆ ਹੈ। ਜਦੋਂ ਤੁਸੀਂ ਮੈਨੂੰ ਸਹਿਜ ਸੁਭਾਅ ਆ ਕੇ ਮਿਲ ਪਏ ਤਾਂ ਮੈਂ ਜ਼ੱਰੇ ਜ਼ੱਰੇ ਵਿੱਚ ਤੇਰੇ ਦਰਸ਼ਨ ਕਰ ਰਹੀ ਹਾਂ। ਐਸੇ ਸੱਜਣ ਤੋਂ ਮੈਂ ਸਦਕੇ ਜਾਂਦੀ ਹਾਂ ਜੋ ਮੈਨੂੰ ਆਪ ਹੀ ਸਹਿਜ ਸੁਭਾਅ ਮੇਰੇ ਘਰ ਆ ਕੇ ਮਿਲ ਪਏ ਹਨ,

ਆਵਹੁ ਮੀਤ ਪਿਆਰੇ॥
ਮੰਗਲ ਗਾਵਹੁ ਨਾਰੇ॥
ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ
ਸੋਹਿਲੜਾ ਜੁਗ ਚਾਰੇ॥
ਅਪਨੈ ਘਰਿ ਆਇਆ ਥਾਨਿ ਸੁਹਾਇਆ
ਕਾਜ ਸਬਦਿ ਸਵਾਰੇ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨ
ਤ੍ਰਿਭਵਣ ਰੂਪੁ ਦਿਖਾਇਆ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ
ਹਮ ਘਰਿ ਸਾਜਨੁ ਆਇਆ॥

(764)

ਐ ਮੇਰੇ ਮਿਤ੍ਰੋ ਤੁਸੀਂ ਆਓ ਤਾਂ ਰਲ ਮਿਲ ਕੇ ਆਪਣੇ ਪਿਆਰੇ ਪ੍ਰੀਤਮ ਦੇ ਗੁਣ ਗਾਈਏ। ਖੁਸ਼ੀਆਂ ਦੇ ਗੀਤ ਗਾਈਏ। ਸੱਚੇ ਪਤੀ-ਪਰਮੇਸ਼ਰ ਦੇ ਗੀਤ ਗਾਵਾਂਗੀਆਂ ਤਾਂ ਉਸ ਨੂੰ ਭਾਵਾਂਗੀਆਂ ਕਿਉਂਕਿ ਉਹ ਸਦਾ ਸਦਾ ਜੁੱਗਾਂ ਜੁੱਗਾਂ ਤੋਂ ਸਲਾਮਤ ਹੈ। ਉਹ ਮੇਰੇ ਘਰ (ਹਿਰਦੇ) ਵਿੱਚ ਆ ਗਿਆ ਹੈ ਅਤੇ ਮੇਰਾ ਹਿਰਦਾ ਫੁੱਲ ਵਾਂਗ ਖਿੜ ਗਿਆ ਹੈ। ਇਹ ਸਾਰੀ ਕਿਰਪਾ ਸ਼ਬਦ-ਗੁਰੂ ਨਾਲ ਹੋਈ ਹੈ। ਗੁਣ ਗਿਆਨ ਦਾ ਮਹਾਂ ਰਸ ਪ੍ਰਾਪਤ ਹੋਇਆ ਹੈ ਅਤੇ ਉਸ ਦੇ ਆਉਣ ਨਾਲ ਮੈਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਗਈ ਹੈ। ਐ ਮੇਰੀਓ ਸਖੀਓ ਸਹੇਲੀਓ (ਗੁਰਸਿੱਖ ਮਿੱਤ੍ਰੋ) ਆਵੋ ਅਤੇ ਉਸਦੇ ਮਿਲਾਪ ਦੇ ਰਸ ਭਰਪੂਰ ਸੋਹਲੇ ਗਾਵੋ ਕਿਉਂਕਿ ਮੇਰੇ ਸੱਜਨ ਨਾਲ ਮੇਰਾ ਮਿਲਾਪ ਹੋ ਗਿਆ ਹੈ ਅਤੇ ਉਸਨੇ ਮੇਰੇ ਹਿਰਦੇ ਅੰਦਰ ਵਾਸਾ ਕਰ ਲਿਆ ਹੈ।

ਆਵਹੁ ਭੈਣੇ ਗਲਿ ਮਿਲਹ
ਅੰਕਿ ਸਹੇਲੜੀਆਹ॥
ਮਿਲਿ ਕੈ ਕਰਹ ਕਹਾਣੀਆ
ਸੰਮ੍ਰਥ ਕੰਤ ਕੀਆਹ॥੧॥

ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ।
ਅਸੀਂ ਤੁਹਾਨੂੰ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।
**ਅੰਮ੍ਰਿਤ ਕੀਰਤਨ ਟ੍ਰਸਟ, 422 ਸੈਕਟਰ 15-ਏ, ਚੰਡੀਗੜ੍ਹ।**

## A FRIEND

**A Friend** is the one who multiplies joys, divides grief, and whose honesty is invoilable.

**A Friend** is the one who understands our silence.

**A Friend** is a volume of sympathy bound in cloth.

**A Friend** is a watch which beats true for all time and never runs down.

**A FRIEND IS THE ONE WHO COMES IN WHEN THE WHOLE WORLD HAS GONE OUT.**

With best compliments from
*a wellwisher*

# ਪੰਜਾਬ ਦੇ ਲੋਕ-ਸਾਜ਼

ਪ੍ਰੋ. ਅਨਿਲ ਨਰੂਲਾ*

## ਢੱਡ




ਢੱਡ ਪ੍ਰਾਚੀਨ ਅਵਨਧ ਸਾਜ਼ਾਂ ਵਿੱਚੋਂ ਇੱਕ ਹੈ। ਇਹ ਡੌਰੂ ਡਮਰੂ, ਕੁਕੜਾਂ, ਡਿਮਡਿਮੀ ਆਦਿ ਸਾਜ਼ਾਂ ਦੀ ਜਾਤੀ ਵਿੱਚੋਂ ਹੈ। ਇਹ ਡਮਰੂ ਨਾਲੋਂ ਥੋੜ੍ਹੀ ਜਿਹੀ ਵੱਡੀ ਹੁੰਦੀ ਹੈ। ਪੰਜਾਬ ਦੇ ਲੋਕ ਗੀਤਾਂ ਵਿੱਚ ਜੋ ਸਥਾਨ ਸਾਰੰਗੀ ਨੂੰ ਦਿੱਤਾ ਜਾਂਦਾ ਹੈ ਉਹੋ ਹੀ ਲੋਕ ਗੀਤਾਂ ਵਿੱਚ ਜੋ ਸਾਰੰਗੀ ਨੂੰ ਦਿੱਤਾ ਜਾਂਦਾ ਹੈ ਉਹੋ ਹੀ ਸਥਾਨ ਢੱਡ ਨੂੰ ਦਿੱਤਾ ਜਾਂਦਾ ਹੈ। ਅਸਲੀ ਗੱਲ ਤਾਂ ਇਹ ਹੈ ਕਿ ਇਹ ਦੋਵੇਂ ਸਾਜ਼ ਪੰਜਾਬ ਦੇ ਲੋਕ ਗੀਤਾਂ ਵਿੱਚ ਇਕੱਠੇ ਹੀ ਵਜਦੇ ਹਨ।

ਜਦੋਂ ਢੱਡ ਸਾਰੰਗੀ ਤੇ ਲੋਕ ਗੀਤ ਗਾਏ ਜਾਂਦੇ ਹਨ ਤਾਂ ਸਾਰੰਗੀ ਆਪਣੇ ਸੁਰਾਂ ਨਾਲ ਸੰਗੀਤ ਦੀ ਸੰਗਤ ਕਰਦੇ ਹਨ ਤੇ ਇਹ ਇਸ ਨੂੰ ਚਾਰ ਚੰਦ ਲਗਾਉਂਦੀ ਹੈ ਅਤੇ ਢੱਡ ਤਾਲ ਦੀ ਕਸੌਟੀ ਲੈ ਕੇ ਸੋਨੇ ਤੇ ਸੁਹਾਗਾ ਵਾਲੀ ਗੱਲ ਕਰਦੀ ਹੈ।

ਪੰਜਾਬ ਵਿੱਚ ਢਾਡੀ ਜੱਥੇ, ਪ੍ਰੇਮ ਕਥਾ, ਲੈਲਾ ਮਜਨੂੰ, ਵਾਰਾਂ, ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁਨੂੰ, ਦੁੱਲਾ ਭੱਟੀ, ਜਿਉਣਾ ਮੌੜ ਦੇ ਕਿੱਸੇ, ਜਿਹੜੇ ਕਿ ਢੱਡ ਸਾਰੰਗੀ ਉੱਤੇ ਕਲੀਆਂ ਦੇ ਰੂਪ ਵਿੱਚ ਗਾਏ ਜਾਂਦੇ ਹਨ ਬਹੁਤ ਹੀ ਪ੍ਰਸਿੱਧ ਹਨ। ਇਸ ਤੋਂ ਇਲਾਵਾ ਢੱਡ ਸਾਰੰਗੀ ਉੱਤੇ ਕਾਫ਼ੀਆਂ ਵੀ ਗਾਈਆਂ ਜਾਂਦੀਆਂ ਹਨ।

### ਬਣਾਵਟ

ਇਹ ਅੰਬ, ਟਾਹਲੀ, ਤੂਤ, ਸ਼ੀਸ਼ਮ ਆਦਿ ਲੱਕੜੀ ਦੀ ਬਣੀ ਹੁੰਦੀ ਹੈ। ਇਸ ਦੀ ਲੰਬਾਈ ਦਸ ਉਂਗਲ ਤੋਂ ਲੈ ਕੇ ਬਾਰਾਂ ਉਂਗਲ ਤੱਕ ਹੋ ਸਕਦੀ ਹੈ। ਡਮਰੂ ਦੇ ਆਕਾਰ ਦੀ ਤਰ੍ਹਾਂ ਇਸ ਦਾ ਵਿਚਲਾ ਹਿੱਸਾ ਪਿਚਕਿਆ ਹੁੰਦਾ ਹੈ। ਇਸ ਦੇ ਦੋਵੇਂ ਮੂੰਹ ਗੋਲਾਈ ਦੇ ਆਕਾਰ ਦੀ ਤਰ੍ਹਾਂ ਹੁੰਦੇ ਅਤੇ ਇਨ੍ਹਾਂ ਦੀ ਲੰਬਾਈ ਚੌੜਾਈ ਚਾਰ ਤੋਂ ਪੰਜ ਉਂਗਲ ਹੋ ਸਕਦੀ ਹੈ। ਆਮ ਤੌਰ ਤੇ ਇਸ ਦੀ ਲੰਬਾਈ 16 ਸੈਂਟੀਮੀਟਰ ਤੇ ਮੂੰਹ ਦੀ ਚੌੜਾਈ 9 ਸੈਂਟੀਮੀਟਰ ਹੁੰਦੀ ਹੈ। ਇਨ੍ਹਾਂ ਉੱਤੇ ਚਮੜੇ ਦੀ ਪਤਲੀ ਖੱਲ੍ਹ ਦੇ ਪੁੜੇ ਚੜ੍ਹਾਏ ਜਾਂਦੇ ਹਨ ਅਤੇ ਇਨ੍ਹਾਂ ਦੋਹਾਂ ਪੁੜਿਆਂ ਨੂੰ ਸੂਤ ਦੀ ਪਤਲੀ ਰੱਸੀ ਨਾਲ ਸੱਤ ਜਾਂ ਅੱਠ ਜਗ੍ਹਾਂ (ਘਰ) ਵਿੱਚ ਮੜ੍ਹ ਦਿੱਤਾ ਜਾਂਦਾ ਹੈ। ਥੋੜ੍ਹੀ ਜਿਹੀ ਰੱਸੀ ਫਾਲਤੂ ਰੱਖੀ ਜਾਂਦੀ ਹੈ ਜਿਸ ਨੂੰ ਕਿ ਵਜਾਉਣ ਵੇਲੇ ਵਿਚਲੇ ਹਿੱਸੇ ਉੱਤੇ ਲਪੇਟ ਕੇ ਹੱਥ ਨਾਲ ਖਿੱਚੀ ਜਾਂ ਢਿੱਲੀ ਕੀਤੀ ਜਾਂਦੀ ਹੈ। ਦੂਸਰੇ ਹੱਥ ਦੀਆਂ ਉਂਗਲਾਂ ਨਾਲ ਇਸ ਨੂੰ ਵਜਾਇਆ ਜਾਂਦਾ ਹੈ ਇਸ ਤਰ੍ਹਾਂ ਕਰਨ ਨਾਲ ਇੱਕ ਖ਼ਾਸ ਕਿਸਮ ਦੀ ਆਵਾਜ਼ ਪੈਦਾ ਹੁੰਦੀ ਹੈ ਜਿਸ ਨੂੰ ਅਸੀਂ ਸ਼ਾਸਤਰੀ ਸੰਗੀਤ ਵਿੱਚ ਗਮਕ ਦੇ ਨਾਂ ਨਾਲ ਜਾਣਦੇ ਹਾਂ।

## ਨਗਾਰਾ

ਨਗਾਰੇ ਦਾ ਅੱਜ ਬੇਸ਼ਕ ਪੰਜਾਬ ਵਿੱਚ ਉਹ ਸਥਾਨ ਨਹੀਂ ਰਿਹਾ ਜਿਹੜਾ ਕਿ ਇਸ ਨੂੰ ਸਿੱਖ ਕਾਲ ਵਿੱਚ ਜਾਂ ਉਸ ਤੋਂ ਪਹਿਲਾਂ ਮਿਲਿਆ ਸੀ।

ਇਹ ਅਤਿ ਪ੍ਰਾਚੀਨ ਸਾਜ਼ਾਂ ਦੀ ਗਿਣਤੀ ਵਿੱਚ ਆਉਂਦਾ ਹੈ। ਰਾਜੇ ਮਹਾਰਾਜੇ ਇਸ ਦਾ ਪ੍ਰਯੋਗ ਲੜਾਈ ਦੇ ਸਮੇਂ ਕਰਦੇ ਸਨ ਅਤੇ ਇਸ ਦੀ ਗਿਣਤੀ ਯੁੱਧ ਦੇ ਸਾਜ਼ਾਂ ਵਿੱਚ ਕੀਤੀ ਜਾਂਦੀ ਸੀ। ਨਗਾਰੇ ਉੱਤੇ ਚੋਟ ਲਗਾਉਣ ਦਾ ਮਤਲਬ ਹੀ ਇਹ ਹੁੰਦਾ ਸੀ ਕਿ ਲੜਾਈ ਹੋਣ ਵਾਲੀ ਹੈ।

ਇਹ ਇੱਕ ਤਾਲ ਪ੍ਰਧਾਨ ਅਤੇ ਵੀਰ-ਰਸ ਪ੍ਰਧਾਨ ਸਾਜ਼ ਹੈ। ਇਸ ਉੱਤੇ ਕਹਿਰਵਾ ਅਤੇ ਦਾਦਰਾ ਤਾਲ ਬੜੀ ਆਸਾਨੀ ਨਾਲ ਵਜਾਏ ਜਾਂਦੇ ਹਨ। ਹੋਰ ਵੀ ਕਈ ਕਠਿਨ ਤਾਲ ਤੇ ਲੈਅਕਾਰੀਆਂ ਵਜਾਈਆਂ ਜਾਂਦੀਆਂ ਹਨ ਜਿਸ ਤਰ੍ਹਾਂ ਰਾਜਸਥਾਨ ਦੇ ਸ਼ੇਖਾਵਤੀ ਅਤੇ ਅਲਵਰ ਵਿੱਚ ਨਗਾਰਾ ਵਜਾਉਣ ਦੇ ਅੱਜ ਵੀ ਮੁਕਾਬਲੇ ਹੁੰਦੇ ਹਨ। ਰਾਜਸਥਾਨ ਦੇ ਉਤਸਵਾਂ ਵਿੱਚ ਅੱਜ ਵੀ ਇਸ ਦਾ ਕਾਫੀ ਪ੍ਰਚਾਰ ਹੈ। ਉੱਤਰ ਪ੍ਰਦੇਸ਼ ਦੀ ਨੌਟੰਕੀ ਵਿੱਚ ਇਸ ਨੂੰ "ਨਕਾਰਾ" ਦੇ ਨਾਂ ਨਾਲ ਜਾਣਿਆ ਜਾਂਦਾ ਹੈ।

* ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੰਜਾਬ ਵਿੱਚ ਇਹ ਸਾਜ਼ ਲਗਭਗ ਖ਼ਤਮ ਹੋਣ ਤੇ ਹੀ ਹੈ, ਕਿਉਂਕਿ ਅੱਜ ਇਸ ਨੂੰ ਪੰਜਾਬ ਵਿੱਚ ਸਿਰਫ ਗੁਰਦੁਆਰਿਆਂ ਵਿੱਚ ਕਦੇ ਕਦਾਈਂ ਸੁਣਿਆ ਜਾਂਦਾ ਹੈ।

**ਬਣਾਵਟ**




ਇਹ ਲੋਹੇ ਜਾਂ ਹੋਰ ਕਿਸੇ ਧਾਤੂ ਦੇ ਮੇਲ ਨਾਲ ਬਣਿਆ ਹੁੰਦਾ ਹੈ। ਇਸ ਉੱਤੇ ਮੱਝ ਦੀ ਖੱਲ੍ਹ ਮੜ੍ਹੀ ਜਾਂਦੀ ਹੈ ਤੇ ਚਮੜੇ ਦੀ ਦਵਾਲ ਨਾਲ ਇਸ ਨੂੰ ਕੱਸ ਦਿੱਤਾ ਜਾਂਦਾ ਹੈ। ਇਸ ਨੂੰ ਇੱਕ ਤਪਾਈ ਤੇ ਰੱਖ ਕੇ ਦੋ ਮੋਟੇ ਡੰਡਿਆਂ ਨਾਲ ਵਜਾਇਆ ਜਾਂਦਾ ਹੈ। ਆਮ ਤੌਰ ਤੇ ਇਸ ਦੇ ਮੂੰਹ ਦੀ ਚੌੜਾਈ 60 ਸੈਂਟੀਮੀਟਰ ਹੁੰਦੀ ਹੈ।

ਇਸ ਦਾ ਸੁਰ ਉੱਚਾ ਕਰਨ ਲਈ ਇਸ ਦੀ ਮੜ੍ਹੀ ਹੋਈ ਖੱਲ੍ਹ ਨੂੰ ਧੁੱਪੇ ਜਾਂ ਅੱਗ ਨਾਲ ਸੇਕਿਆ ਜਾਂਦਾ ਹੈ ਅਤੇ ਸੁਰ ਨੀਵਾਂ ਕਰਨ ਲਈ ਇਸ ਦੀ ਖੱਲ੍ਹ ਉੱਤੇ ਪਾਣੀ ਦੀ ਭਿੱਜੀ ਹੋਈ ਗਿੱਲੀ ਲੀਰ ਰਗੜੀ ਜਾਂਦੀ ਹੈ ਤਾਂ ਜੋ ਇਸ ਦੀ ਖੱਲ੍ਹ ਨਰਮ ਹੋ ਕੇ ਹੇਠਲੇ ਸੁਰ ਤੇ ਬੋਲੇ।

ਰਾਜਿਆਂ ਮਹਾਰਾਜਿਆਂ ਦੇ ਸਮੇਂ ਨਗਾਰੇ ਸਾਜ਼ ਨੂੰ ਉਨ੍ਹਾਂ ਦੀ ਸਵਾਰੀ ਅੱਗੇ ਵਜਾਇਆ ਜਾਂਦਾ ਸੀ ਤਾਂ ਜੋ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਮਹਾਰਾਜੇ ਦੀ ਸਵਾਰੀ ਆ ਰਹੀ ਹੈ।

## ਖੰਜਰੀ

ਪੰਜਾਬ ਵਿਚ ਖੰਜਰੀ ਦਾ ਪ੍ਰਯੋਗ ਲੋਕ ਗੀਤਾਂ ਅਤੇ ਲੋਕ ਨਾਚਾਂ ਵਿੱਚ ਹੁੰਦਾ ਹੈ। ਲੋਕ ਨਾਚ ਵਿੱਚ ਜਿਵੇਂ ਗਿੱਧਾ, ਭੰਗੜਾ ਅਤੇ ਲੋਕ ਗੀਤਾਂ ਵਿੱਚ ਜਿਵੇਂ ਸੱਸੀ ਪੁੰਨੂੰ, ਹੀਰ ਰਾਂਝਾ, ਸੋਹਣੀ ਮਹੀਂਵਾਲ ਦੇ ਕਿੱਸਿਆਂ ਅਤੇ ਹੋਲੀ ਦੇ ਗੀਤਾਂ ਵਿੱਚ ਕੀਤਾ ਜਾਂਦਾ ਹੈ।

ਡਫ਼ ਦਾਇਰਾ, ਕਰਚੱਕਰ ਚੰਗ ਇਹ ਸਾਰੇ ਸਾਜ਼ ਇੱਕ ਦੂਜੇ ਨਾਲ ਮਿਲਦੇ ਜੁਲਦੇ ਹਨ ਅਤੇ ਇਹ ਸਾਰੇ ਸਾਜ਼ ਤਾਲ ਪ੍ਰਧਾਨ ਹੁੰਦੇ ਹਨ। ਇਹਨਾਂ ਨੂੰ ਖੱਬੇ ਹੱਥ ਨਾਲ ਫੜ ਕੇ ਸੱਜੇ ਹੱਥ ਨਾਲ ਵਜਾਇਆ ਜਾਂਦਾ ਹੈ।

**ਬਣਾਵਟ**

ਖੰਜਰੀ ਗੋਲ ਆਕਾਰ ਵਿੱਚ ਬਣੀ ਹੁੰਦੀ ਹੈ। ਇਹ ਗੋਲ ਆਕਾਰ ਦੀ ਲੱਕੜੀ ਦੀ ਜਾਂ ਪਿੱਤਲ ਦੀ ਚਾਦਰ ਦੀ ਬਣੀ ਹੁੰਦੀ ਹੈ। ਇਸ ਦੇ ਮੂੰਹ ਦੀ ਚੌੜਾਈ 16 ਤੋਂ ਲੈ ਕੇ 24 ਸੈਂਟੀਮੀਟਰ ਤੱਕ ਹੁੰਦੀ ਹੈ। ਇਸ ਦੇ ਘੇਰੇ ਦੀ ਲੱਕੜੀ ਜਾਂ ਚਾਦਰ ਦੀ ਚੌੜਾਈ ਤਿੰਨ ਤੋਂ ਲੈ ਕੇ ਚਾਰ ਉਂਗਲ ਤੱਕ ਹੁੰਦੀ ਹੈ। ਇਸ ਦੇ ਘੇਰੇ ਉੱਤੇ ਚਮੜੇ ਦੀ ਪਤਲੀ ਖੱਲ੍ਹ ਮੜ੍ਹੀ ਹੁੰਦੀ ਹੈ। ਇਸ ਦੇ ਘੇਰੇ ਦੀ ਗੋਲਾਈ ਅੱਠ ਤੋਂ ਲੈ ਕੇ ਬਾਰਾਂ ਉਂਗਲ ਤੱਕ ਹੋ ਸਕਦੀ ਹੈ। ਇਸ ਦੀ ਲੱਕੜੀ ਜਾਂ ਪਿੱਤਲ ਦੇ ਘੇਰੇ ਨੂੰ ਤਿੰਨ ਚਾਰ ਜਗ੍ਹਾਂ ਵਿਚੋਂ ਕੱਟ ਕੇ ਤਿੰਨ ਚਾਰ ਛੋਟੇ ਛੋਟੇ ਛੈਣੇ ਲਗਾਏ ਜਾਂਦੇ ਹਨ। ਜਦ ਖੰਜਰੀ ਦੀ ਖੱਲ੍ਹ ਉੱਤੇ ਹੱਥ ਦੀ ਥਾਪ ਲਗਦੀ ਹੈ ਤਾਂ ਇਹ ਨਿੱਕੇ ਨਿੱਕੇ ਛੈਣੇ ਆਪਸ ਵਿੱਚ ਟਕਰਾ ਕੇ ਬੜੀ ਮਧੁਰ ਆਵਾਜ਼ ਦਿੰਦੇ ਹਨ।




ਖੰਜਰੀ ਦੀ ਖੱਲ੍ਹ ਨੂੰ ਢਿੱਲਾ ਜਾਂ ਕਸਣ ਵਾਸਤੇ ਕੋਈ ਅਜਿਹੀ ਚੀਜ਼ ਨਹੀਂ ਲੱਗੀ ਹੁੰਦੀ ਹੈ ਜਿਸ ਦੇ ਨਾਲ ਇਸ ਦੇ ਸੁਰ ਨੂੰ ਉਤਾਰਿਆ ਜਾਂ ਚੜ੍ਹਾਇਆ ਜਾ ਸਕਦਾ ਹੈ। ਇਸ ਦੇ ਚੜ੍ਹਾਉਣ ਜਾਂ ਉਤਾਰਨ ਦਾ ਸਿਰਫ਼ ਇੱਕੋ ਹੀ ਤਰੀਕਾ ਹੈ। ਜੇ ਇਸ ਨੂੰ ਚੜ੍ਹਾਨਾ ਹੋਵੇ ਤਾਂ ਇਸ ਨੂੰ ਧੁੱਪ ਵਿੱਚ ਰੱਖ ਦਿੱਤਾ ਜਾਂਦਾ ਹੈ ਜੇ ਉਤਾਰਨਾ ਹੋਵੇ ਤਾਂ ਇਸ ਦੀ ਖੱਲ੍ਹ ਉੱਤੇ ਗਿੱਲੀ ਲੀਰ ਦਾ ਪੋਚਾ ਮਾਰ ਦਿੱਤਾ ਜਾਂਦਾ ਹੈ।

ਕਈ ਲੋਕ ਖੱਬੇ ਹੱਥ ਦੀ ਵਿਚਕਾਰਲੀ ਉਂਗਲ ਨਾਲ ਇਸ ਦੀ ਖੱਲ੍ਹ ਦੇ ਕਿਨਾਰੇ ਨੂੰ ਦਬਾ ਕੇ ਗਮਕ ਪੈਦਾ ਕਰਦੇ ਹਨ।

ਦੱਖਣੀ ਭਾਰਤ ਵਿੱਚ ਪੰਡਿਤ ਅਹੋਬਲ ਦੇ ਅਨੁਸਾਰ ਇਹ ਸਾਜ਼ ਗੰਜੀਰਾ ਦੇ ਨਾਂ ਨਾਲ ਅੱਜ ਵੀ ਪ੍ਰਯੋਗ ਕੀਤਾ ਜਾਂਦਾ ਹੈ।

ਖੰਜਰੀ ਦਾ ਪ੍ਰਯੋਗ ਪੰਜਾਬ ਵਿੱਚ ਹੀ ਨਹੀਂ ਸਗੋਂ ਸਮੁੱਚੇ ਉੱਤਰ ਭਾਰਤ ਵਿੱਚ ਭਜਨਾਂ, ਲੋਕ ਗੀਤਾਂ ਅਤੇ ਲੋਕ ਨਾਚਾਂ ਵਿੱਚ ਕੀਤਾ ਜਾਂਦਾ ਹੈ। ■

# ਗੁਰੂ ਸਾਹਿਬਾਂ ਦੇ ਸਮੇਂ ਦੇ ਪ੍ਰਸਿੱਧ ਗੁਰਸਿੱਖ: ਭਾਈ ਜੋਧ ਦੇਵਤਾ

ਪ੍ਰੋ. ਕਰਤਾਰ ਸਿੰਘ

ਭਾਈ ਜੋਧ ਦੇਵਤਾ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਹੋਇਆ ਹੈ। ਇਹ ਉੱਚੀ ਗੋਤ ਦਾ ਬ੍ਰਾਹਮਣ ਸੀ। ਇਸ ਵਿੱਚ ਜ਼ਾਤ ਦਾ ਹੰਕਾਰ ਵੀ ਚੋਖਾ ਸੀ। ਇਸ ਹੰਕਾਰ ਕਰਕੇ ਇਹ ਹੋਰ ਜ਼ਾਤਾਂ ਵਾਲਿਆਂ ਨੂੰ ਨੀਵਾਂ ਸਮਝਿਆ ਕਰਦਾ ਸੀ ਅਤੇ ਉਹਨਾਂ ਤੋਂ ਨਫ਼ਰਤ ਕਰਦਾ ਹੁੰਦਾ ਸੀ। ਹੋਰਨਾਂ ਨੂੰ ਮਾੜਾ ਤੇ ਨੀਵਾਂ ਸਮਝਣ ਵਾਲੇ, ਨਫ਼ਰਤ ਕਰਨ ਵਾਲੇ ਹੰਕਾਰੀ ਬੰਦੇ ਦਾ ਮਨ ਕਦੇ ਸ਼ਾਂਤ ਤੇ ਸੁਖੀ ਨਹੀਂ ਹੁੰਦਾ, ਉਹ ਸੜਦਾ ਭੁੱਜਦਾ ਤੇ ਭਟਕਦਾ ਹੀ ਰਹਿੰਦਾ ਹੈ। ਇਹੋ ਹਾਲ ਜੋਧ ਬ੍ਰਾਹਮਣ ਦਾ ਸੀ।

ਉਸ ਦੇ ਭਾਗ ਜਾਗ ਪਏ। ਉਹ ਆਪਣੇ ਮਨ ਦੀ ਹਾਲਤ ਤੋਂ ਤੰਗ ਆ ਗਿਆ। ਉਸ ਦੇ ਮਨ ਵਿਚ ਚਾਅ ਪੈਦਾ ਹੋਇਆ ਕਿ ਸੁਖ ਤੇ ਸ਼ਾਂਤੀ ਪ੍ਰਾਪਤ ਹੋਵੇ ਤਾਂ ਠੀਕ ਹੈ। ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਪਰ ਬਿਰਾਜੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਦੱਸ ਪਈ। ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਦੇ ਦਰਬਾਰ ਵਿੱਚ ਦੁਖੀਆਂ ਦੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਉਹਨਾਂ ਦੇ ਮਨ, ਸੁਖ ਸ਼ਾਂਤੀ ਨਾਲ ਭਰਪੂਰ ਹੋ ਜਾਂਦੇ ਹਨ।

ਇਹ ਗੱਲ ਸੁਣ ਕੇ ਉਹ ਖਡੂਰ ਸਾਹਿਬ ਪੁੱਜਾ। ਉਸ ਨੇ ਗੁਰੂ ਜੀ ਨੂੰ ਮੱਥਾ ਟੇਕਿਆ ਅਤੇ ਲੰਗਰ ਦੀ ਸੇਵਾ ਵਿੱਚ ਜੁੱਟ ਪਿਆ। ਪੜ੍ਹਿਆ ਲਿਖਿਆ ਹੋਣ ਕਰਕੇ ਉਹ ਲੰਗਰ ਲਈ ਆਈ ਰਸਦ ਅਤੇ ਮਾਇਆ ਦਾ ਲੇਖਾ ਵੀ ਰੱਖਦਾ ਸੀ। ਉਹ ਜਤਨ ਕਰਦਾ ਸੀ ਕਿ ਇਹ ਰਸਦ ਅਤੇ ਮਾਇਆ ਅਜਾਈਂ ਨਾ ਜਾਵੇ, ਸਗੋਂ ਚੰਗੇ ਤੋਂ ਚੰਗੇ ਅਰਥ ਲਗੇ। ਲੇਖੇ ਪੱਤੇ ਅਤੇ ਪ੍ਰਬੰਧ ਤੋਂ ਬਿਨ੍ਹਾਂ ਉਹ ਲੰਗਰ ਵਿੱਚ ਹਰ ਤਰ੍ਹਾਂ ਦੀ ਸੇਵਾ ਵੀ ਕਰਦਾ ਰਹਿੰਦਾ ਸੀ। ਉਹ ਸਾਰਾ ਦਿਨ ਅਤੇ ਚੋਖੀ ਰਾਤ ਤੀਕ ਇਸੇ ਸੇਵਾ ਵਿੱਚ ਜੁਟਿਆ ਰਹਿੰਦਾ ਸੀ। ਨਾਲ ਹੀ ਉਹ ਹਰ ਵੇਲੇ ਵਾਹਿਗੁਰੂ ਦਾ ਨਾਮ ਜਪਦਾ ਰਹਿੰਦਾ ਸੀ।

ਉਹ ਗੁਰੂ ਕੇ ਲੰਗਰ ਦੀ ਸੇਵਾ ਸਾਰਾ ਜ਼ੋਰ ਲਾ ਕੇ ਕਰਦਾ, ਲੰਗਰ ਤਿਆਰ ਕਰਦਾ ਅਤੇ ਆਏ ਗਏ ਨੂੰ ਪ੍ਰਸ਼ਾਦ ਛਕਾਉਂਦਾ, ਪਰ ਉਹ ਆਪ ਲੰਗਰੋਂ ਪ੍ਰਸ਼ਾਦ ਨਾ ਛਕਿਆ ਕਰੇ। ਉਹ ਕਿਸੇ ਨੂੰ ਪਤਾ ਵੀ ਨਾ ਲੱਗਣ ਦਿਆ ਕਰੇ ਕਿ ਉਹ ਭੋਜਨ ਕਿਵੇਂ ਕਰਦਾ ਹੈ, ਕੀ ਖਾਂਦਾ ਹੈ ਤੇ ਕਿਥੋਂ ਖਾਂਦਾ ਹੈ? ਭਾਈ ਜੋਧ ਦੇਵਤਾ ਇਉਂ ਕਰਦਾ ਸੀ ਜਦੋਂ ਸੰਗਤ ਪ੍ਰਸ਼ਾਦ ਛਕ ਚੁਕਦੀ, ਤਾਂ ਉਹ ਪੱਤਲਾਂ ਚੁਕਵਾਂ ਕੇ ਇਕ ਸਾਫ ਥਾਂ ਰਖਵਾ ਦੇਂਦਾ। ਜਦ ਲੰਗਰ ਹੋ ਚੁਕਣਾ, ਤਾਂ ਜੋਧ ਨੇ ਇਨ੍ਹਾਂ ਪੱਤਲਾਂ ਵਿੱਚੋਂ ਪੇਟ ਭਰਨ ਜੋਗਾ ਅੰਨ ਇਕੱਠਾ ਕਰ ਲੈਣਾ ਅਤੇ ਵਾਹਿਗੁਰੂ ਦਾ ਨਾਮ ਲੈ ਕੇ ਛਕ ਲੈਣਾ। ਕਿੰਨਾ ਹੀ ਚਿਰ ਉਹ ਇਸ ਤਰ੍ਹਾਂ ਸੰਗਤਾਂ ਦਾ ਸੀਤ-ਪ੍ਰਸ਼ਾਦ, ਅਰਥਾਤ ਜੂਠ ਖਾ ਕੇ ਗੁਜ਼ਾਰਾ ਕਰਦਾ ਰਿਹਾ। ਇਹ ਗੱਲ ਗੁਰੂ ਜੀ ਤੀਕ ਪੁਹੰਚ ਗਈ। ਗੁਰੂ ਜੀ ਨੇ ਉਸ ਨੂੰ ਸੱਦਿਆ ਅਤੇ ਪਿਆਰ ਨਾਲ ਪੁੱਛਿਆ, 'ਜੋਧ ਭਾਈ! ਤੂੰ ਪ੍ਰਸ਼ਾਦ ਕਿਥੋਂ ਛਕਦਾ ਹੈਂ?

ਜੋਧ-ਸੱਚੇ ਪਾਤਸ਼ਾਹ! ਆਪ ਜੀ ਦੇ ਲੰਗਰੋਂ ਹੀ ਪੇਟ ਭਰਨ ਜੋਗੀ ਦਾਤ ਮਿਲ ਜਾਂਦੀ ਹੈ। ਸੰਗਤਾਂ ਦਾ ਪੱਤਲਾਂ ਵਿਚ ਛੱਡਿਆ ਅੰਨ ਖਾ ਲੈਂਦਾ ਹਾਂ।

ਗੁਰੂ ਜੀ-ਜੋਧ ਭਾਈ! ਇਹ ਕਿਉਂ? ਤੂੰ ਇਸ ਤਰ੍ਹਾਂ ਦਾ ਭੋਜਨ ਕਿਉਂ ਖਾਂਦਾ ਹੈਂ? ਸੁੱਚਾ ਪ੍ਰਸ਼ਾਦ ਕਿਉਂ ਨਹੀਂ ਛਕਦਾ?

ਜੋਧ-ਸੱਚੇ ਪਾਤਸ਼ਾਹ! ਮੇਰੇ ਅੰਦਰ ਜ਼ਾਤ ਦੇ ਹੰਕਾਰ ਦਾ ਭੂਤ ਵਸਦਾ ਸੀ। ਇਸ ਨੂੰ ਕੱਢਣਾ ਸੀ। ਭੂਤ ਨੂੰ ਜੂਠ ਹੀ ਖੁਆਉਣੀ ਠੀਕ ਸੀ। ਇਹ ਤਾਂ ਹੀ ਸੂਤ ਆਉਣਾ ਸੀ। ਮੈਂ ਚਾਹੁੰਦਾ ਸਾਂ ਕਿ ਜ਼ਾਤ ਤੇ ਹੰਕਾਰ ਦਾ ਇਹ ਭੂਤ ਦੂਰ ਹੋ ਜਾਵੇ ਅਤੇ ਮੈਂ ਆਪਣੇ ਆਪ ਨੂੰ ਸਾਧ-ਸੰਗਤ ਦਾ ਨਿਮਾਣਾ ਸੇਵਕ ਸਮਝਣ ਲੱਗ ਪਵਾਂ।

ਗੁਰੂ ਜੀ-ਤੇਰਾ ਜ਼ਾਤ-ਹੰਕਾਰ ਹੁਣ ਦੂਰ ਹੋ ਗਿਆ ਹੈ। ਹੁਣ ਇਸ ਤਰ੍ਹਾਂ ਕਰਨੋਂ ਹਟ ਜਾ। ਤੇਰਾ ਮਨ ਸਾਫ਼ ਤੇ ਸ਼ੁੱਧ ਹੋ ਗਿਆ ਹੈ। ਹੁਣ ਇਸ ਵਿੱਚ ਭੂਤ ਨਹੀਂ ਵਸਦਾ। ਹੁਣ ਇਸ ਵਿਚ ਵਾਹਿਗੁਰੂ ਦਾ ਵਾਸਾ ਹੈ, ਉਸ ਨੂੰ ਸੁੱਚਾ ਅੰਨ ਭੇਟ ਕਰਨਾ ਚਾਹੀਦਾ ਹੈ।

ਇਹ ਕਹਿ ਕੇ ਗੁਰੂ ਜੀ ਨੇ ਭਾਈ ਜੋਧ ਨੂੰ ਆਪਣੇ ਪਾਸ ਬਿਠਾਇਆ ਅਤੇ ਲੰਗਰੋਂ ਸੁੱਚਾ ਪ੍ਰਸ਼ਾਦ ਮੰਗਵਾ ਕੇ ਛਕਾਇਆ। ਇਸ ਤੋਂ ਮਗਰੋਂ ਭਾਈ ਜੋਧ ਗੁਰੂ ਦੇ ਲੰਗਰੋਂ ਪ੍ਰਸ਼ਾਦ ਛਕਣ ਲੱਗ ਪਿਆ। ਹਰ ਵੇਲੇ ਸੇਵਾ ਕਰਦਾ ਅਤੇ ਨਾਮ ਜਪਦਾ ਰਿਹਾ ਕਰੇ। ਮਨ ਨਾਮ ਵਿੱਚ ਲੱਗਾ ਰਹੇ ਅਤੇ ਸਰੀਰ ਸੇਵਾ ਵਿੱਚ। ਉਸ ਦਾ ਮਨ ਸੁੱਖ ਤੇ ਸ਼ਾਂਤੀ ਨਾਲ ਭਰਪੂਰ ਹੋ ਗਿਆ। ਸੰਗਤ ਉਸ ਨੂੰ ਭਾਈ ਜੋਧ ਦੇਵਤਾ ਕਹਿ ਕੇ ਸੱਦਣ ਲੱਗ ਪਈ। ਉਸ ਦਾ ਇਹੋ ਨਾਂ ਪੱਕ ਗਿਆ। ਉਹ ਗੁਰੂ ਅੰਗਦ ਦੇਵ ਜੀ ਦੇ ਵੱਡੇ ਮੁਖ਼ੀ ਸਿੱਖਾਂ ਵਿੱਚ ਗਿਣਿਆ ਜਾਣ ਲੱਗ ਪਿਆ। ਭਾਈ ਗੁਰਦਾਸ ਜੀ ਨੇ ਉਸ ਦਾ ਨਾਮ ਉਸ ਸਮੇਂ ਦੇ ਚੋਟੀ ਦੇ ਸਿੱਖਾਂ ਵਿੱਚ ਲਿਖਿਆ ਹੈ। ਉਹ ਲਿਖਦੇ ਹਨ :

*ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰੁ ਤਾਰੀ।*
*ਪੂਰੇ ਸਤਿਗੁਰ ਪੈਜ ਸਵਾਰੀ।*

(ਵਾਰ ੧੧, ਪਉੜੀ ੧੫) ■

# ਪੁਸਤਕ 'ਜ਼ਿੰਦਗੀ ਉਤਸਵ ਹੈ' – ਇੱਕ ਚਰਚਾ

**ਪੇਸ਼ਕਸ : ਡਾ. ਗੁਰਮੀਤ ਸਿੰਘ ਬੈਦਵਾਣ***

ਹਰਸ਼ੀਗਤ ਪ੍ਰਕਾਸ਼ਨ, ਚੰਡੀਗੜ੍ਹ, ਸਿਹਤਮੰਦ ਸਾਹਿਤ ਛਾਪਣ ਲਈ ਪ੍ਰਤਿਬੱਧ ਹੈ। ਇਸ ਪ੍ਰਕਾਸ਼ਨ ਵੱਲੋਂ ਪਹਿਲਾਂ ਪ੍ਰਕਾਸ਼ਿਤ ਵੱਡਮੁੱਲੇ ਸਾਹਿਤ ਤੋਂ ਇਲਾਵਾ ਇੱਕ ਹੋਰ ਪੁਸਤਕ 'ਜ਼ਿੰਦਗੀ ਉਤਸਵ ਹੈ' (ਪੰਨੇ: 128, ਕੀਮਤ: 60 ਰੁਪਏ) ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਦੇ ਲੇਖਕ ਡਾ. ਕਰਨੈਲ ਸਿੰਘ ਸੋਮਲ ਸਾਬਕਾ ਸਹਾਇਕ ਡਾਇਰੈਕਟਰ, ਪੰਜਾਬ ਸਕੂਲ ਸਿੱਖਿਆ ਬੋਰਡ ਹਨ।

ਇਹ ਪੁਸਤਕ ਲੇਖਕ ਦੀ ਪ੍ਰਥਮ ਤੇ ਵਡਮੁੱਲੀ ਪੁਸਤਕ ਹੈ। ਪੁਸਤਕ ਜ਼ਿੰਦਗੀ ਨੂੰ ਸਾਰਥਕ ਤਰੀਕੇ ਨਾਲ ਜਿਊਣ ਲਈ ਮਾਰਗ ਦਰਸ਼ਕ ਦੇ ਰੂਪ ਵਿੱਚ ਪਾਠਕਾਂ ਤੱਕ ਪਹੁੰਚੀ ਹੈ। ਆਧੁਨਿਕ ਜ਼ਿੰਦਗੀ ਨੂੰ ਜਿਊਣ ਲਈ ਪੁਸਤਕ ਵਿੱਚ ਬਹੁਤ ਹੀ ਸੰਜੀਦਗੀ ਨਾਲ ਸੂਖਮ ਵਿਸ਼ੇ ਆਸ਼ਾਵਾਦੀ ਸੁਰ ਨਾਲ ਛੋਹੇ ਮਿਲਦੇ ਹਨ। ਸਹਿਜ ਭਰਪੂਰ ਤੇ ਰੌਚਿਕ ਸ਼ਬਦਾਵਲੀ ਪਾਠਕ ਲਈ ਕਿਧਰੇ ਵੀ ਉਕੇਵਾਂ ਨਹੀਂ ਬਣਦੀ। ਸਾਹਿਤ ਜਦੋਂ ਲੇਖਕ ਦੀ ਆਪੇ ਦੀ ਕੁਠਾਲੀ ਵਿੱਚ ਪੱਕ ਕੇ ਬਾਹਰ ਆਉਂਦਾ ਹੈ ਤਾਂ ਉਹ ਸਦੀਵਤਾ ਦਾ ਦਰਜਾ ਹਾਸਲ ਕਰ ਲੈਂਦਾ ਹੈ। ਹਥਲੀ ਪੁਸਤਕ ਅਜਿਹਾ ਹੀ ਇੱਕ ਪ੍ਰਮਾਣ ਹੈ। ਪੁਸਤਕ ਨੂੰ ਵਿਦਵਾਨਾਂ ਤੇ ਲੇਖਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ। ਪੁਸਤਕ ਬਾਰੇ ਉਹਨਾਂ ਵੱਲੋਂ ਦਿੱਤੀਆਂ ਕੁਝ ਰਾਵਾਂ ਇੱਥੇ ਦਿੱਤੀਆਂ ਜਾਂਦੀਆਂ ਹਨ।

● ਡਾ. ਸੋਮਲ ਨੇ ਇਹ ਨਿਬੰਧ ਜ਼ਿੰਦਗੀ ਨੂੰ ਉਤਸਵ ਹੋਣ ਦਾ ਦਰਜਾ ਦੇਣ ਲਈ ਲਿਖੇ ਹਨ। ਪਰ ਲਿਖੇ ਏਨੇ ਸੁਹਣੇ ਹਨ ਕਿ ਇਹ ਨਿਬੰਧ ਆਪਣੇ ਆਪ ਵਿੱਚ ਉਤਸਵ ਬਣ ਗਏ ਹਨ। ਇਹ ਨਿਬੰਧ ਬੜੀ ਸਿਆਣੀ, ਦਾਨਿਸ਼ਵਰ, ਵਿਚਾਰਵਾਨ ਕਲਮ ਤੋਂ ਉਪਜੇ ਹੋਏ ਹਨ। ਲੇਖਕ ਵਿਦਵਾਨ ਹੀ ਨਹੀਂ, ਕਿਤੇ-ਕਿਤੇ ਤਾਂ ਉਚ ਕੋਟੀ ਦਾ ਦਾਰਸ਼ਨਿਕ ਹੀ ਬਣ ਜਾਂਦਾ ਹੈ। ਬੋਲੀ ਬੜੀ ਢੁਕਵੀਂ ਤੇ ਸਾਦਾ ਅਤੇ ਸੰਜਮੀ ਹੈ। ਕਿਤੇ-ਕਿਤੇ ਤਾਂ ਵਾਰਤਕ ਨਿਰੀ ਕਵਿਤਾ ਹੀ ਬਣ ਗਈ ਹੈ।

ਅਜਿਹੇ ਨਿਬੰਧ ਸਾਡੀ ਬੋਲੀ ਵਿਚ ਘੱਟ ਹੀ ਲਿਖੇ ਗਏ ਹਨ। ਇਹ ਪੁਸਤਕ ਬੜੀ ਵੱਡੀ ਘਾਟ ਪੂਰੀ ਕਰ ਰਹੀ ਹੈ।

– *ਸੰਤੋਖ ਸਿੰਘ ਧੀਰ*

● ਇਸ ਪੁਸਤਕ ਨੂੰ ਪੜ੍ਹ ਕੇ ਲੇਖਕ ਨੂੰ ਲਿਖੇ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਦੇ ਪੱਤਰ ਵਿੱਚੋਂ:

ਤੁਹਾਨੂੰ ਜਿਹੜਾ ਬਚਨ ਦਿੱਤਾ ਸੀ, ਉਹ ਇਸ ਚਿੱਠੀ ਰਾਹੀਂ ਪੂਰਾ ਕਰਨ ਦਾ ਜਤਨ ਕਰ ਰਿਹਾ ਹਾਂ। ਮੈਂ ਤੁਹਾਡੀ ਕਿਤਾਬ ਦੇ ਤੁਹਾਡੇ ਵੱਲੋਂ ਸੁਝਾਏ ਦੋਵੇਂ ਲੇਖ ਪੜ੍ਹ ਲਏ ਹਨ। ਉਪਰੰਤ ਜੀ ਤਾਂ ਕਰਦਾ ਰਿਹਾ ਹੈ ਕਿ ਤੁਹਾਡੇ ਸਾਰੇ ਮਜ਼ਮੂਨ ਪੜ੍ਹ ਲਵਾਂ ਪਰ ਬਰੀਕ ਟਾਈਪ ਮੇਰੀਆਂ ਅੱਖਾਂ ਉੱਤੇ ਲੋੜ ਨਾਲੋਂ ਵਧੇਰੇ ਕੱਸ ਪਾਉਂਦਾ ਹੈ। ਇਸ ਲਈ ਏਨੇ ਪਾਠ ਨੂੰ ਹੀ ਆਪਣੇ ਭਾਗਾਂ ਦਾ ਤੁਹਫਾ ਮੰਨ ਕੇ ਸਬਰ ਕਰ ਲਿਆ ਹੈ।

ਤੁਹਾਡੇ ਲੇਖ ਪੜ੍ਹ ਕੇ ਮੈਂ ਇਸ ਨਤੀਜੇ ਉੱਤੇ ਪਹੁਚਿਆ ਹਾਂ ਕਿ ਤੁਹਾਨੂੰ ਲੇਖ-ਰਚਨਾ ਵੱਲ ਨਿੱਠ ਕੇ ਲੱਗਣਾ ਚਾਹੀਦਾ ਹੈ। ਜਿਹੜੇ ਸੌ ਲੇਖ ਪਹਿਲਾਂ ਅਖਬਾਰਾਂ ਵਿਚ ਛਾਪ ਚੁੱਕੇ ਹੋ, ਉਨ੍ਹਾਂ ਉੱਤੇ ਨਜ਼ਰਸਾਨੀ ਕਰ ਕੇ, ਉਨ੍ਹਾਂ ਨੂੰ ਵੀ ਕਿਤਾਬੀ ਰੂਪ ਵਿਚ ਛਾਪਣਯੋਗ ਬਣਾ ਦਿਓ। ਤੁਹਾਡੇ ਪਾਸ ਮਾਮੂਲੀ ਤੋਂ ਮਾਮੂਲੀ ਮਜ਼ਮੂਨ ਨੂੰ ਵੱਖ ਵੱਖ ਪਹਿਲੂਆਂ ਤੋਂ ਵੇਖਣ ਦੀ ਕੁਸ਼ਲਤਾ ਹੈ, ਸਰਲ ਭਾਸ਼ਾ ਹੈ, ਆਪਣੇ ਪੇਂਡੂ ਆਲੇ-ਦੁਆਲੇ ਵਿੱਚੋਂ ਸੱਜਰੇ ਦ੍ਰਿਸ਼ਟਾਂਤਾਂ ਨਾਲ ਆਪਣੀ ਵਾਰਤਾ ਨੂੰ ਪ੍ਰਮਾਣਿਤ ਸਪਸ਼ਟਤਾ ਬਖ਼ਸ਼ਣ ਦੀ ਸਮਰੱਥਾ ਹੈ ਤੇ ਜ਼ਿੰਦਗੀ ਬਾਰੇ ਸਿਹਤਮੰਦ ਰਵਈਆ ਹੈ। ਇਸੇ ਲਈ ਮੈਂ ਚਾਹੁੰਦਾ ਹਾਂ, ਤੁਸੀਂ ਹੁਣ ਆਪਣੇ ਸੁਭਾ ਵਿਚ ਮਿਠਾਸ ਦੇ ਨਾਲ ਕ੍ਰਿਆਸ਼ੀਲਤਾ ਵੀ ਸ਼ਾਮਿਲ ਕਰ ਲਵੋ ਤੇ ਡਟ ਕੇ ਸਾਹਿਤ ਦੇ ਮੈਦਾਨ ਵਿਚ ਉਤਰ ਆਓ। ਮੈਨੂੰ ਇੱਕੋ ਘਾਟ ਲੱਗੀ ਹੈ ਤੁਹਾਡੇ ਲੇਖਾਂ ਵਿਚ ਹਾਸ-ਰਸ ਲੋਪ ਹੈ, ਜਿਸ ਕਰ ਕੇ ਨਸੀਹਤਾਂ ਭਰੀ ਸੰਜੀਦਗੀ, ਕਈ ਵਾਰੀ ਬੋਝਲ ਬਣ ਜਾਇਆ ਕਰਦੀ ਹੈ। ਜਦੋਂ ਤੁਸੀਂ ਲੇਖ-ਰਚਣ ਵੱਲ, ਪੇਸ਼ਾਵਰ ਲੇਖਕਾਂ ਵਾਲੀ ਬਿਰਤੀ ਨਾਲ ਪਵੋਗੇ ਤਾਂ ਇਹ ਘਾਟ ਪੂਰੀ ਕਰਨ ਦਾ ਵੱਲ ਵੀ ਆਪਣੇ ਆਪ ਆ ਜਾਏਗਾ। ਵਾਹਿਗੁਰੂ, ਤੁਹਾਡੀ ਜੀਊਣ ਜੋਗੀ ਕਲਮ ਨੂੰ ਹੋਰ ਭਾਗ ਲਾਵੇ।

– *ਪ੍ਰੋ. ਪ੍ਰੀਤਮ ਸਿੰਘ*

● 'ਦ ਸੰਡੇ ਟ੍ਰਿਬਿਊਨ' 23 ਮਈ 1999 ਵਿੱਚੋਂ ਧੰਨਵਾਦ ਸਾਹਿਤ:

Fiction and poetry have remained the

* ਪਿੰਡ ਬਾਸੀਆਂ ਬੈਦਵਾਣ, ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ

favourite genres with Punjabi writers anyone who chooses the essay as his literary form runs the real risk of being ignored by fellow writers, publishers and readers. Form among the old generation of Punjabi writers, Principal Teja Singh, Sahib Singh, Gurbaksh Singh Preetlari, Lal Singh Kamla Akali, etc. tried their hand at this form with considerable success. But in the past three decades of so very few Punjabi writers have chosen it.

Most of the popular writer think that fiction and poetry alone give free play to the their imagination and creative faculties. Even the literary potential of a language, they think, is realised to the fullest only through these forms.

In fact the writer who chooses the essay form as medium of creative expression serves his language better than most poets do. A well-written essay carrying fresh ideas makes delightful reading. Sometimes an occasional newspaper article also gives the impression of being a well-structured essay. In today's world most of the essays, good or bad, appear only in newspapers and periodicals. But many of them are done in a racy and gossipy style so that the reader is not unnecessarily burdened with ponderous ideas or arguments.

Karnail Singh Somal, who recently retired from the Punjab School Education Board as a junior officer, is one of the few prose writers who have seriously experimented with the essay form. The result is an anthology of 28 literary pieces collected in "Zindgi utsav hai" (Life is a celebration) published by Harshgeet Parkashan, Chandigarh. It is highly readable, instructive and delightful, crafted in chaste Punjabi.

All these essays deal with ideas, situations and problems confronting an average man in Indian society. Some of the essays are concerned with such themes as beauty, work, friendship, love, hatred, fear, frustration, success and humiliation. Others deal with concepts like home, violence in families, man and his neighbourhood, love of one's village, problems of youth and old age, what to read and what not to read, human relations and so on.

In a write up on the art of living, the author says, "wook is the motive force of life. One's way of life and its rhythm are largely influenced by the kind of work one does. The work that we do with expectation of reward is called labour. It links us with other human beings. Labour is production in economic terms, utility in social terms and satisfaction in individual terms. Art of living is not manifest in its parts but in the totality of life.

Modern man, the author says, aspires to succeed by all means. Planning is the first step towards achieving this goal. One has to draw a detailed plan of one's project and then follow it in a steadfast manner, at the same time being conscious of the distance yet to be covered in pursuit of one's aims. One has to be sure of the purity of means as well.

Our aim is to utilise our time, resources and powers to the optimum extent. Many times events beyond one's control take place. One's potential is tested only at these times. The ultimate aim of life is to achieve happiness and to avoid pain.

In an essay on human relations, Somal says, "All relations are not alike. Some of them blossom like flower with a soothing effect. Some relations are like cool shade from old trees. They bring down the temperature of the heated mind and body and prepare them for the onward journey. Some relations are like pillars, they share

your burden of life. Some are only standby relations; they may not substantially help you; yet they give you a feeling of unfailing company just as trees stand by each other of like the moon that gives you a feeling of being a co-Traveller.

In a piece on "what to read and what not to read", Somal says good books are like friends and well-wishers. A wise man has given them the status of parents. Lord Everby says that books are those teacher who remain always awake. Bad books are like bad people. If you keep their company, you can be corrupted and vulgarised.

In an essay on work, the author says hard work is the key to the progress of a nation or an individual. This beautiful world is a result of the hard work of generations. Modern civilisation is a miracle performed by man's labour. All our arts, science and technology are the product of work which is the measure of the relevance of human endeavour. Man without work is useless creature. In the modern age the medium of work has changed from brawn to brain.

The essay,"Moments of achievement" deals with human endeavour and its consequences. The author says human greatness lies in the realisation of one's potential to the optimum extent. Guru Gobind Singh's life is an instance of the great heights to which human soul can soar. It is a great drama played on the stage of human history that breathed new life into an inert human mass.

The author says, "Friendship is not a game that must have some rules. It is expressed through some manifest symptoms. It warms you in winter day like cozy sum and cools you in summer like a thick black cloud. Its soothing impact can only be felt which may not be expressed in explicit terms. Friendship gives you a feeling of fullness and contentment... It is one of the greatest human discoveries."

Similarly, in an essay on love the author says love is man's faith in humanity. This word is often misused. Those who proudly maintain a list of their amorous adventures have nothing to do with love. This is debauchery pure and simple, done in the name of love. It is like a narrative of the plight of their victims.

True love is sacred like scriptures. It does not require any description whatsoever.

In a write-up on hatred the author says, "There are three types of relations-love, hatred and indifference. Indifference is an expression of utter failure, love of acceptance rejection and repulsion require a great blind force because only a heavy log can smoulder for a long time. Though everybody has a feeling of hatred at one time of the other in life, it is not easy to sustain it for long. Only a man with demonic force can drink deep this venom. Therefore most of the people are afraid of being hated, and so they refrain from despising that hatred is a double-edged weapon that hurts both the detester and the detested.

A man in fear, the author says, wilts and withers even if he stands at a distance from the object of fear. He tends to become his own enemy and is assailed by his own power. Like a powerful electric shock, one moment of fear demolishes the body's control system. It makes one a creeper in the wind without a supporting stalk.

Death, Somal says, is the last inevitable ritual of life. One who takes birth, sooner or later, must die. Development in science and technology has delayed death in may cases. But its inevitability has not been eliminated. What kind of death one chooses is the most important task of life.

What makes a home? The author answers.

"Water fire and light are Human being beings have lived in 'homes' without walls and roofs, but they had these basic elements around them. The story of civilisation is partly the story of the changing forms and shapes of the living spaces."

The essays on youth, old and love of one's village make pleasant reading. All in all, Somal has added something new to the essay form of literature in Punjabi. His style is smooth and gentle, interspersed with appropriate examples and relevant maxims, adages, proverbs and aphorisms.

He has a healthy attitude towards life which is free from cynicism of any kind. But he is not over optimistic either. He follows the middle path, a kind of equipoise *(sehaj)* of the Sikh doctrine.

Somal carries forward the legacy of Gurbaksh Singh Preetlari. After a gap of nearly three decades, this kind of thematic treatment has again surfaced as a pleasant surprise.

*- Jaspal Singh* ■

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼
**ਸਿੱਖ ਲੀਗ**
(ਪੰਦਰਵਾੜਾ)
2602, ਬਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096

**THE SIKH REVIEW**
**(A Monthly Magazine)**
**116, Karnani Mansion**
**25-A, Park Street, Calcutta**

With compliments from
**Saranjit Singh**
**Partner**
**GSI ENTERPRISES**
Manufacturers of : All types of Multisize, Multipart
Plain, EZR Pre-Printed Computer Stationery Upto 4 colours
Plot No. C-129, Ph. VIII, Indl Area, Mohali - 160 059 (Punjab)
Phone: 0172 - 672906

AUTO Z LINES
**AUTO LINES**
CAR ACCESORIES
Stereo's, Seat Covers, AC Reparing
& Sun Control Filming
With compliments from
*Sandeep Kathuria*
S.C.F. No. 25, Sector: 21-C, Chandigarh
Ph: (O) 776845, (R) 705677, 704166

# ਨੋਟੇਸ਼ਨ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| **ਰਾਮਕਲੀ ਬਾਣੀ ਭਗਤਾਂ ਕੀ, ਕਬੀਰ ਜੀਉ (੯੭੦)** | **Ram Kali hymns of the Saints Sire Kabir** | **ਰਾਮਕਲੀ ਭਗਤਾਂ ਦੀ ਬਾਣੀ ਮਹਾਰਾਜ ਕਬੀਰ** |
| ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥ | There is one tree. It has numberless branches and shoots. Its flowers and leaves are filled with Nectar. | ਬਿਰਛ ਇੱਕ ਹੈ। ਇਸ ਦੀਆਂ ਅਣਗਿਣਤ ਟਹਿਣੀਆਂ ਅਤੇ ਡਾਲੀਆਂ ਹਨ। ਇਸ ਦੇ ਫੁੱਲ ਅਤੇ ਪੱਤੇ ਅੰਮ੍ਰਿਤ ਨਾਲ ਪਰੀਪੂਰਨ ਹਨ। |
| ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ ॥੧॥ | This world is the garden of ambrosia. He, the Perfect Lord has created it. | ਇਹ ਸੰਸਾਰ ਸੁਧਾਰਸ ਦਾ ਬਾਗ ਹੈ। ਉਸ ਪੂਰਨ ਪ੍ਰਭੂ ਨੇ ਇਸ ਨੂੰ ਰਚਿਆ ਹੈ। |
| ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥ | O my love, I have known the story of the sovereign Lord. | ਹੇ ਮੇਰੇ ਜਾਨੀਆ! ਮੈਂ ਪਾਤਿਸ਼ਾਹ ਪ੍ਰਭੂ ਦੀ ਸਾਖੀ ਜਾਣ ਲਈ ਹੈ। |
| ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ॥ | Some rare one, within whose mind the Lord's-Light shines, knows it through the Guru's grace. Pause. | ਕੋਈ ਵਿਰਲਾ ਜਣਾ ਹੀ, ਜਿਸ ਦੇ ਹਿਰਦੇ ਅੰਦਰ ਸੁਆਮੀ ਦਾ ਨੂਰ ਚਮਕਦਾ ਹੈ, ਗੁਰਾਂ ਦੀ ਦਇਆ ਦੁਆਰਾ ਇਸ ਨੂੰ ਜਾਣਦਾ ਹੈ। ਠਹਿਰਾਉ। |
| ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰਧਰਿਆ ॥ | One bumble-bee, pierced with the Nectar of the flower of twelve petals, fixes his mind in it. | ਬਾਰਾਂ ਪੰਖੜੀਆਂ ਵਾਲੇ ਫੁਲ ਦੇ ਅੰਮ੍ਰਿਤ ਨਾਲ ਵਿੰਨ੍ਹਿਆ ਹੋਇਆ, ਇਕ ਭੌਰਾ, ਇਸ ਦੇ ਅੰਦਰ ਆਪਣਾ ਮਨ ਜੋੜ ਲੈਂਦਾ ਹੈ। |
| ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁਫਰਿਆ ॥੨॥ | He then mounts his breath to the sixteen-petalled sky and there flutters his wings in glee. | ਤਦ ਉਹ ਸੋਲਾਂ-ਪੰਖੜੀਆਂ ਵਾਲੇ ਆਸਮਾਨ ਵਿੱਚ ਆਪਣਾ ਸੁਆਸ ਚੜ੍ਹਾ ਲੈਂਦਾ ਹੈ ਅਤੇ ਓਥੇ ਖ਼ੁਸ਼ੀ ਵਿੱਚ ਆਪਣੇ ਪੰਖ ਮਾਰਦਾ ਹੈ। |
| ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥ | In the profound trance one tree of God becomes manifest and it dries up the water of desire from the body ground. | ਅਫੁਰ ਸਮਾਧੀ ਦੇ ਅੰਦਰ ਵਾਹਿਗੁਰੂ ਦਾ ਇੱਕ ਰੁੱਖ ਪਰਗਟ ਹੋ ਜਾਂਦਾ ਹੈ ਅਤੇ ਇਹ ਦੇਹ ਦੀ ਜ਼ਿਮੀ ਦੇ ਖ਼ਾਹਿਸ਼ ਦੇ ਪਾਣੀ ਨੂੰ ਸੁਕਾ ਦਿੰਦਾ ਹੈ। |
| ਕਹਿ ਕਬੀਰ ਹਉ ਤਾਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥੬॥ | Says Kabir I am the slave of those who have seen this tree. | ਕਬੀਰ ਜੀ ਆਖਦੇ ਹਨ, ਮੈਂ ਉਨ੍ਹਾਂ ਦਾ ਗੁਮਾਸ਼ਤ ਹਾਂ, ਜਿਨ੍ਹਾਂ ਨੇ ਇਹ ਪੇਡ ਵੇਖਿਆ ਹੈ। |





PRIZE LAND

With compliments from

HARVINDER SINGH
PROP.

*Manufacturers of :*
TROPHIES, SHIELDS, AWARDS, BADGES,
MEMENTOES, LAPEL PINS, MEDALS, ETC.

# 302, INDUSTRIAL AREA-II, CHANDIGARH - 160 022
Phone: 652248, 653979

# ਸੁਰ ਲਿਪੀ

## ਹਰਿਭਜਨ ਸਿੰਘ

### ਰਾਮ ਕਲੀ

**ਜਾਤੀ : ਵਕ੍ਰ ਸੰਪੂਰਣ  ਥਾਟ : ਭੈਰਉ  ਵਾਦੀ : ਪ  ਸੰਵਾਦੀ : ਸ  ਸਮਾਂ : ਰਾਤ ਦਾ ਚੌਥਾ ਪਹਿਰ (ਅੰਮ੍ਰਿਤ ਵੇਲੇ)**

**ਵਿਸ਼ੇਸ਼ : ਮੇਪਧੁਨੁਧੁਪ, ਇੰਜ ਤੀਵਰ ਮੱਧਮ ਤੇ ਨਿਖਾਦ ਕੋਮਲ ਦਾ ਪ੍ਰਯੋਗ ਹੁੰਦਾ ਹੈ।**

**ਆਰੋਹ : ਸ, ਗ, ਮਪ, ਧੁ ਨ ਸਂ ॥  ਅਵਰੋਹ : ਸਂ ਨ ਧੁ ਪ, ਮੇ ਪ ਧੁ ਨੁ ਧੁਪ, ਗ ਮ ਰੁ, ਸ ॥**

**ਮੁੱਖ ਅੰਗ : ਧੁਪ, ਮੇਪ, ਧੁਨੁ ਧੁਪ ਗ, ਮ ਰੁ, ਸ ॥**

| x | | | | 0 | | | | x | | | | 0 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
| *ਸਥਾਈ* | | | | | | | | | | | | | | | |
| | | ਗ | ਮ | ਪ | - | - | ਧੁ | ਸਂ | - | - | ਨ | ਧੁ | ਪ | - | - |
| | | ਜਾ | ਨੀ | ਜਾ | s | s | ਨੀ | ਰੇ | s | s | s | s | s | s | s |
| - | - | ਗ | ਮ | ਪ | - | - | ਮੇ | ਪ | - | ਧੁ | ਨੁ | ਧੁ | ਪ | - | - |
| s | s | ਰਾ | ਜਾ | ਰਾ | s | s | ਮ | ਕੀ | s | s | ਕ | ਹਾ | s | s | s |
| ਪ | - | - | - | - | ਧੁਪ | ਮ | ਗ | ਪ | - | ਮ | - | - | ਗ | -ਗ | ਗਮ |
| ਨੀ | s | s | s | s | ਅੰs | ਤ | ਰ | ਜੋ | s | ਤਿ | s | s | ਰਾ | sਮ | ਪਰ |
| ਰੁ | - | ਸ | - | - | ਨੁਸ | ਗ | ਮ | ਪ | ਧੁ | ਨ | ਧੁ | ਸਂ | - | - | ਨ |
| ਗਾ | s | ਸਾ | s | s | ਗੁਰ | ਮੁ | ਖਿ | ਬਿ | ਰ | ਲੇ | s | ਜਾ | s | s | s |
| ਧੁ | ਪ | | | | | | | | | | | | | | |
| ਨੀ | s | | | | | | | | | | | | | | |
| *ਅੰਤਰਾ* | | | | | | | | | | | | | | | |
| | | | | | ਮ | ਮ | ਮ | ਧੁ | - | ਨ | ਧੁ | ਸਂ | ਸਂ | ਸਂ | ਸਂ |
| | | | | | ਤਰ | ਵ | ਰੁ | ਏ | s | ਕ | ਅ | ਨੰ | ਤ | ਡਾ | ਰ |
| ਰੁਂ | - | ਸਂ | - | - | ਨੁਸਂ | ਗਂ | ਮਂ | ਰੁਂ | - | ਸਂ | ਸਂ | ਸਂ | ਨ | ਧੁ | ਪ |
| ਸਾ | s | ਖਾ | s | s | ਪ੍ਰਹ | ਪ | ਪ | ਤ੍ਰ | s | s | s | ਰ | ਸ | ਭ | ਗੀ |
| ਪ | - | - | - | - | ਧੁਪ | ਮ | ਗ | ਪ | ਪ | ਮ | - | - | ਗ | ਗ | ਗਮ |
| ਆ | s | s | s | s | ਇਸ | ਹ | ਅ | ਮ੍ਰਿ | ਤ | ਕੀ | s | s | ਬਾ | ੜੀ | s |
| ਰੁ | - | ਸ | - | - | ਨੁਸ | ਗ | ਮ | ਪ | ਧੁ | ਨ | ਧੁ | ਸਂ | ਨ | ਧੁ | ਪ |
| ਹੈ | s | ਰੇ | s | s | ਤਿਨ | ਹ | ਰਿ | ਪੂ | s | ਰੈ | s | ਕ | ਗੀ | s | s |
| ਪ | - | | | | | | | | | | | | | | |
| ਆ | s | | | | | | | | | | | | | | |


**ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਣੀ ਵਿਚੋਂ 50 ਸ਼ਬਦਾਂ ਦੀਆਂ ਪ੍ਰੋ: ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ । ਇਹ ਪੁਸਤਕ ਕੀਰਤਨੀਆਂ ਅਤੇ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।

*ਜੇ ਤੁਸੀਂ ਇਸ ਪੁਸਤਕ ਦੀ ਕੀਮਤ ਕਿਸੇ ਮਜਬੂਰੀ ਕਾਰਨ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ।*

*ਅਸੀਂ ਇਹ ਪੁਸਤਕ ਮੁਫਤ ਭੇਜ ਦੇਵਾਂਗੇ।*

ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟਰਸਟ, 422, ਸੈਕਟਰ 15-ਏ, ਚੰਡੀਗੜ੍ਹ

# ਗੁਰਮੁਖ ਢੂਢ ਢੂਢੇਦਿਆਂ

## ( Free Matrimonial Service )

**SUITABLE** Gursikh match (Amritdhari not necessary) from Arora/Khatri family belonging to Punjab, preferably Jalandhar and around, well settled in service, good business, for Arora Sikh Girl (DOB- 9.12.74, 155 cms.), Graduate, slim, fair having sharp features. Appeared in Computer Diploma 'O' Level, Delhi University, studying MA. The only daughter of her parents, both Govt. retired/pensioners. ***Box : 0081***

**GURSIKH** match for an Amritdhari middle class Chowdhry Boy (25, 5'-9"), ITI Diploma undergraduate in Electronic Spareparts Business in Nabha. ***Box : 0082***

**WANTED** a Gursikh match for Amritdhari Arora Girl (25, 5'-5"), MCom, MFC, DISM, one year Computer Course. ***Box : 0083***

**SUITABLE** match for Chopra Girl (DOB-18.9.73, 5'-2"), Convent educated, MSc (I Div.), Computer Course, doing MEd. Father retired Add. Excise Com., settled in Ropar. ***Box : 0085***

**GURSIKH** match for fair, slim, smart, sober, intelligent, well versed in Household affairs, Graduate Girl (26+, 5'-4"),Pb. Govt. service, Diplomas- Electronics, 'O' level Computer, Library Science. Family from Jhelum (West Pakistan) now settled at Mohali. Father in Govt. service. Brothers Engineers. ***Box : 0086***

**SUITABLE** match for Amritdhari Girl (23, 5'-2"), BEMS, 4years Electropathy Medical Course, practising in Nursing Home, expert in Household activities. Dowry seekers, please excuse. ***Box : 0087***

**SUITABLE** match for Khatri Bassali, tall, smart and fair complexion Gursikh Graduate Boy (DOB 20.6.1964/Rangoon, 178 cm.). Running own business well established. Legally divorced with no liability. Father expired at Burma. Mother pious/religious lady. The only sister married and well settled in California U.S.A. ***Box : 0088***

**AMRITDHARI** Gursikh Widower (43, 5'-6"), excellent health, teetotaller, vegetarion.Two encumberances. Top most business, Three star Hotel, Petroleum dealer, Tank transporters. Seeks beautiful life partner, widow / unmarried can apply with photo. ***Box : 0089***

**HIGHLY** qualified professional Artist / Educated, well settled, and Music lover, Match for extremly beautiful unmarried slim Khatri Sikh Girl (34, 5'-10"),M.A. Ph.D., Music(V), good Artist, Lect. at Ludhiana. Send photograph at first instance. ***Box: 0090***

**LET** our letters bloom into friendship/soulmate/marriage. Looking for caring, sincere, pious, engaging Sikh Girl who wants to live in USA. Become pride/joy of handsome, Jat-Sikh (40, 6'/180 lbs.) sensitive professional, highly educated (double M.S.), warm, extremely romantic, US citizen. Caste no bar. Write:

Darshan Singh Grewal,
E - 81722, DQ - 8210
P.O. Box: 8101,
SAN LUIS OBISPO
CA 93409, USA ***Box: 0091***

**SUITABLE** match for a Gursikh Khatri Girl (23, 5'-6½"), fair, tall, slim, beautiful, devoted, divorcee, convent educated, doing post graduation in English. Father Govt. Contractor, two brothers, mother housewife, elders hailing from Rawalpindi, now settled in Chandigarh. ***Box: 0092***

**SUITABLE** match for a Gursikh Khatri /Arora Boy (23, 5'-8"), B.Sc., Computer trained, convent educated, preparing for 3 years MBA course. Father has wholesale medical shop at Agra, mother teacher, one sister younger. ***Box: 0093***

**Contact : Sardar Harbhajan Singh #1246, Sector : 22 B, Chandigarh**

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ

1699-1999
KHALSA
Tricentenary
BANK OF PUNJAB

Recognize All Humankind as One

# Celebrating banking relationships *built to last.*

- LONGER BUSINESS HOURS
- BOP MULTIPLIER
- ATM (24 hours cash deposit & withdrawal facility)
- SWIFT (Instant international funds transfer)
- LOCKERS
- BOP FIXED DEPOST

50 BANKING OFFICES ACROSS INDIA
5th Best Bank among 97 in the Country*
OVER 2,50,000 SATISFIED CUSTOMERS

- BOP COMFOT Recurring Deposit
- BEST BARGAIN AUTO LOANS
- FAX BANKING/TELE BANKING
- CASH MANAGEMENT SERVICES (Quick clearance of outstaion cheques)
- REMOTE CUSTOMER TERMINAL
- BOP SAVINGS

* Source Business India Januray 11 to 24, 1999

## BANK OF PUNJAB LTD.

*We Value Relationships*

Visit us at : http//www.bankofpunjab.com

# इफको मनाती है आजादी के
# 50 वर्ष और हरित क्रांति के



# वर्ष का महोत्सव !

30 वर्ष पहले स्थापित, इफको आज भारत की सबसे बड़ी उर्वरक उत्पादक संस्था है, जिसके चार अत्याधुनिक संयंत्र कलोल और कांडला गुजरात में, तथा फूलपुर और आंवला उत्तर प्रदेश में कार्यरत हैं। कलोल इकाई को ब्यूरो वेरिटास क्वालिटी इंटरनेशनल, विएना द्वारा आई एस ओ-9002 प्रमाण-पत्र देकर सम्मानित किया गया है।

50

इफको ने विश्व में सबसे बड़ी उर्वरक उत्पादक संस्था बनने के लिए एक कार्ययोजना विज़न-2000 बनाई है, जिसे साकार करने के लिये इफको नौवीं योजना में कुल 4075 करोड़ रुपये के योजनागत परिव्यय से अपने आंवला, कलोल, कांडला और फूलपुर संयंत्रों का आधुनिकीकरण और विस्तार तथा नैल्लौर में नया उर्वरक संयंत्र लगाने का कार्य सुचारु ढंग से कर रही है।

इफको ने भारतीय किसानों को साल-दर-साल भरपूर उपज प्राप्त करने में सहायता दी है। इफको सही मायने में भारतीय किसानों का गौरव है। क्योंकि इसने दिलाया है किसानों को बंजर ज़मीन से छुटकारा और कम पैदावार की समस्या से मुक्ति।

**इफको**

**इंडियन फारमर्स फर्टिलाइजर कोआपरेटिव लिमिटेड**

34, नेहरू प्लेस, नई दिल्ली-110 019.

**राज्य विपणन कार्यालय–हरियाणा एंव दिल्ली**

**इफको भवन, मध्य मार्ग, सैक्टर 28–ए, चण्डीगढ़**